ੴ

ਮਾਸਕ ਪੱਤਰ

# ਸੂਰਾ

ਅੰਮ੍ਰਿਤਸਰ

ਬਾਬਾ ਦੀਪ ਸਿੰਘ ਜੀ ਦੀ ਸਿਰਲੱਥ ਯੋਧਿਆਂ ਨੂੰ ਲਲਕਾਰ



FEB. 1979

ਫਰਵਰੀ ੧੯੭੯

ਜਉ ਤਉ ਪ੍ਰੇਮ ਖੇਲਣ ਕਾ ਚਾਉ ॥ ਸਿਰੁ ਧਰਿ ਤਲੀ ਗਲੀ ਮੇਰੀ ਆਉ ॥

www.AKJ.Org

ਡੀ. ਪੀ. ਆਈ ਪੰਜਾਬ ਵਲੋਂ ਚਿਠੀ ਨੰਬਰ ੧/੭੦-੬੮-੨੧ ਮਿਤੀ (੧੭-੧੦-੬੮ ਅ. ਪ. ਅਨੁਸਾਰ)
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤਤਕਰਾ


| | | |
|---|---|---|
| ਗੁਰਮਤਿ ਦੀ ਤੱਤ ਰਹਿਣੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੩ |
| ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਰਹੈ | ਭਾਈ ਜੋਗਿੰਦਰ ਸਿੰਘ ਜੀ ਤਲਵਾੜਾ | ੬ |
| ਸ਼ਬਦ ਗੁਰੂ (ਕਵਿਤਾ) | ਗਿ: ਹਰਕੰਸ ਸਿੰਘ ਜੀ ਚੰਡੀਗੜ੍ਹ | ੯ |
| ਨਕਲੀ ਨਿਰੰਕਾਰੀਆਂ ਦੀ ਕਰਮ-ਤਸਵੀਰ (ਕਵਿਤਾ) | ,, ,, ,, | ੧੦ |
| ਸ੍ਰੀਮਾਨ ਅਕਾਲੀ ਕੌਰ ਸਿੰਘ ਜੀ | ਭਾਈ ਸਾਹਿਬ ਰਣਧੀਰ ਸਿੰਘ ਜੀ | ੧੧ |
| ਹੁਕਮਨਾਮੇ ਤੋਂ ਪ੍ਰੇਰਤ ਹੋ ਕੇ (ਕਵਿਤਾ) | ਗਿ: ਗੋਪਾਲ ਸਿੰਘ ਜੀ ਮਿਤਰ | ੧੬ |
| ਅਬਦਾਲੀ, ਸਿਖ ਤੇ ਵਡਾ ਘਲੂਘਾਰਾ (੮) | ਕੈਪਟਨ ਸਵਰਨ ਸਿੰਘ ਜੀ | ੧੭ |
| ਬਾਣੀ ਬਿਰਲਉ ਬੀਚਾਰਸੀ | ਗਿ: ਗੋਪਾਲ ਸਿੰਘ ਜੀ ਮਿਤਰ | ੨੪ |
| ਗੁਰਮਤਿ ਵਿਰੋਧੀ ਪ੍ਰਚਾਰ ਦੀ ਅਸਲੀਅਤ | ਸ: ਹਰਮਹਿੰਦਰ ਸਿੰਘ ਜੀ ਗੋਬਿੰਦਪੁਰੀ | ੨੬ |
| ਸਿਖ ਧਰਮ—ਮੁਕਤੀ ਦਾ ਮਾਰਗ | ਸਰਦਾਰਨੀ ਰਾਮ ਦਾਸ ਕੌਰ ਖਾਲਸਾ | ੩੧ |
| ਗੁਰਦਵਾਰਾ ਚੋਣਾਂ | ਜਥੇਦਾਰ ਰਾਮ ਸਿੰਘ ਜੀ | ੩੩ |
| ਨਕਲੀ ਨਿਰੰਕਾਰੀ ਸੱਚ ਕੇ ਦਸਣ ? | ਦੰਭ ਨਿਵਾਰਨ ਦੁਸ਼ਟ ਦਮਨ ਦਲ | ੩੫ |
| ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਦਾ ਵਿਧਾਨ | | ੩੯ |


ਸ੍ਰੀ ਗੁਰੂ ਹਰਿ ਰਾਇ ਜੀ ਅਵਤਾਰ ਧਾਰਿਆ ੯ ਫਰਵਰੀ

## ਜਨਵਰੀ ੧੯੭੯ ਦਾ 'ਸੂਰਾ' ਮਾਸਕ ਪੱਤਰ

ਸਾਨੂੰ ਇਸ ਪਰਚੇ ਦੀ ਲੋੜ ਹੈ । ਜਿਹੜੇ ਵੀਰ ਭੈਣਾਂ ਪਰਚੇ ਦੀ ਫ਼ਾਈਲ ਨਹੀਂ ਰਖਦੇ, ਜਨਵਰੀ ਦਾ ਪਰਚਾ ਪੜ੍ਹ ਕੇ ਸਾਨੂੰ ਭੇਜ ਦੇਣ, ਬੜੀ ਕਿਰਪਾ ਹੋਵੇਗੀ । '੫੧' ਪਾਠਕਾਂ ਨੂੰ ਇਹ ਪਰਚਾ ਦੂਹਰਾ ਭੇਜਿਆ ਗਿਆ ਹੈ, ਉਹ ਸਜਣ ਵੀ ਇਕ ਇਕ ਪਰਚਾ ਵਾਪਸ ਭੇਜ ਦੇਣ ਦੀ ਕਿਰਪਾਲਤਾ ਕਰਨ। ਦਾਸ—ਮੈਨੇਜਰ


## ਵੈਸਾਖੀ ਦਾ ਖ਼ੂਨੀ ਸਾਕਾ ਤੇ ਸ਼ਹੀਦੀ ਜੀਵਨ

ਕਈ ਨਵੇਂ ਵਾਧਿਆਂ ਨਾਲ ਤੀਜੀ ਐਡੀਸ਼ਨ ਛਪ ਗਈ ਹੈ । ਇਸ ਵਿਚ ਖ਼ੂਨੀ ਸਾਕੇ ਦੀ ਪੂਰੀ ਵਾਕਫ਼ੀ, ਖ਼ਤਰੇ ਦੀ ਘੰਟੀ, ਨਕਲੀ ਨਿਰੰਕਾਰੀਆਂ ਬਾਰੇ ਸਚੋ ਸੱਚ ਆਦਿ ਲੇਖ ਦੇ ਕੇ ਮਰਜੀਵੜੇ ਸ਼ਹੀਦਾਂ ਦੇ ਜੀਵਨ ਦਿਤੇ ਗਏ ਹਨ । ਦਸ ਕਵਿਤਾਵਾਂ ਵੀ ਸ਼ਹੀਦੀ ਕਾਂਡ ਨਾਲ ਸਬੰਧਤ ਦਿਤੀਆਂ ਹੋਈਆਂ ਹਨ । ਸਫ਼ੇ ੧੪੦, ਚਿਤਰ ੨੭, ਭੇਟਾ ਡੇਢ ਰੁਪਿਆ, ਸਧਾਰਨ ਡਾਕ ਸਮੇਤ ਦੋ ਰੁਪਏ ।


ਹੇਮਕੁੰਟ ਪ੍ਰਿੰਟਿੰਗ ਪ੍ਰੈਸ, ਬਜ਼ਾਰ ਨੰ: ੬ ਕੋਟ ਬਾਬਾ ਦੀਪ ਸਿੰਘ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜੱਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ ਅੰਮ੍ਰਿਤਸਰ ਤੋਂ ੧. ੨. ੭੯ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥

੧ਓ ਵਾਹਿਗੁਰੂ ਜੀ ਕੀ ਫਤਹਿ

# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ

ਸਾਲਾਨਾ ਚੰਦਾ ੧੦-੦੦
ਇਕ ਪਰਚਾ ੧-੦੦

ਪਰਦੇਸ

ਸਮੁੰਦਰੀ ਡਾਕ ੧੮-੫੦

ਹਵਾਈ ਡਾਕ

ਅਰਬ, ਮਲਾਇਆ ੩੫-੦੦
ਯੂ. ਕੇ, ਅਫ਼ਰੀਕਾ ੫੦-੦੦
ਕੈਨੇਡਾ, ਅਮਰੀਕਾ ੫੫-੦੦

ਸੰਪਾਦਕੀ ਬੋਰਡ

ਭਾ: ਜੋਗਿੰਦਰ ਸਿੰਘ
ਭਾਈ ਰਾਮ ਸਿੰਘ
ਪ੍ਰੋ: ਗੁਰਮੁਖ ਸਿੰਘ
ਗਿ: ਗੁਰਬਚਨ ਸਿੰਘ
ਭਾਈ ਸੇਵਾ ਸਿੰਘ

ਅਖੰਡ ਕੀਰਤਨੀ ਜੱਥੇ ਵਲੋਂ ਗੁਰਮਤਿ ਮਾਸਕ ਪੱਤਰ

ਜਿਲਦ ੧੩ ਫ਼ਰਵਰੀ ੧੯੭੯ ਅੰਕ ੨

## ਗੁਰਮਤਿ ਦੀ ਤੱਤ ਰਹਿਣੀ

[ ਵਲੋਂ--ਗੁਰਪੁਰਵਾਸੀ ਭਾਈ ਸਾਹਿਬ ਰਣਧੀਰ ਸਿੰਘ ਜੀ ]

ਬ੍ਰਹਮਾ ਦਾ ਅਵਤਾਰ ਭਿਖਾ ਭਟ ਏਸੇ ਕਮਾਲ ਦੀ ਕਸੌਟੀ ਨੂੰ ਲੈ ਕੇ ਜਦੋਂ ਸਾਚੇ ਸੰਤ ਦੀ ਟੋਲ ਲਈ, ਗੁਰੂ ਸੰਤ ਦੀ ਸਿਕ ਭਰੀ ਖੋਜ ਲਈ ਚਾਰ ਚੁਫੇਰੇ ਭੰਨਾ ਫਿਰਿਆ ਤਦ ਸ਼ਮੂਹ ਇਤਰ ਮੱਤਾਂ ਵਿਚੋਂ ਕਿਸੇ ਉਪਰ ਭੀ ਉਸ ਦਾ ਮਨ ਨ ਮੰਨਿਆ। ਓੜਕ ਗੁਰੂ ਘਰ ਵਿਖੇ ਆ ਕੇ ਉਸ ਨੂੰ ਪਤੀਜ ਆਈ, ਜੈਸੇ ਕਿ ਉਸ ਦੀ ਗੁਰ-ਗਿਆਨ ਅਨੁਭਵ ਰਚਨਾ ਸਾਖਾ ਭਰਦੀ ਹੈ। ਯਥਾ:–

ਰਹਿਓ ਸੰਤ ਹਉ ਟੋਲਿ ਸਾਧ ਬਹੁਤੇਰੇ ਡਿਠੇ ॥
ਸੰਨਿਆਸੀ ਤਪਸੀਅਹ ਮੁਖਹੁ ਏ ਪੰਡਿਤ ਮਿਠੇ ॥
ਬਰਸੁ ਏਕੁ ਹਉ ਫਿਰਿਓ
ਕਿਨੈ ਨਹੁ ਪਰਚਉ ਲਾਯਉ ॥
ਕਹਤਿਅਹ ਕਹਤੀ ਸੁਣੀ
ਰਹਤ ਕੋ ਖੁਸੀ ਨ ਆਯਉ ॥
ਹਰਿ ਨਾਮੁ ਛੋਡਿ ਦੂਜੈ ਲਗੇ
ਤਿਨ੍ ਕੇ ਗੁਣ ਹਉ ਕਿਆ ਕਹਉ ॥
ਗੁਰੁ ਦਯਿ ਮਿਲਾਯਉ ਭਿਖਿਆ
ਜਿਵ ਤੂ ਰਖਹਿ ਤਿਵ ਰਹਉ ॥੨॥੨੦॥

ਸਵਈਏ ਮ: ਤੀਜੇ ਕੇ, ਪੰਨਾ ੧੩੯੫-੯੬

ਏਸੇ ਕਮਾਲ ਕਰਨੀ ਵਾਲੇ ਗੁਰਮਤਿ ਬਿਬੇਕ ਦੇ ਆਦਰਸ਼ ਨੂੰ ਸਨਮੁਖ ਰਖਦੇ ਹੋਏ "ਗੁਰਸਿਖ ਮੀਤ ਚਲਹੁ ਗੁਰ ਚਾਲੀ" ਵਾਲੀ ਧਾਰਨਾ ਦੇ ਰਹਿਤਵਾਨ ਬਿਬੇਕੀ ਖਾਲਸਾ ਜੀ ਗੁਰ-ਦਰਸਾਈ, ਗੁਰ-ਫੁਰਮਾਈ, ਗੁਰ-ਦ੍ਰਿੜਾਈ ਰਹਿਤ ਰਹਿਣੀ ਨੂੰ ਮਨੋਂ ਤਨੋਂ



www.AKJ.Org

ਕਮਾਉਂਦੇ ਹਨ ਅਤੇ ਤਿਨ੍ਹਾਂ ਪਰਥਾਇ ਹੀ ਗੁਰੂ ਦਸਮੇਸ਼ ਜੀ ਦਾ ਵਰ ਪੂਰਬਕ ਇਹ ਅਸੀਸ ਮਈ ਫੁਰਮਾਨ ਹੈ –

ਰਹਿਣੀ ਰਹੈ ਸੋਈ ਸਿਖ ਮੇਰਾ ॥
ਉਹ ਸਾਹਿਬ ਮੈਂ ਉਸ ਕਾ ਚੇਰਾ ॥

ਧੰਨ ! ਗੁਰੂ ਦਸਮੇਸ਼ ਪਿਤਾ ! ਆਪਣੇ ਆਗਿਆ-ਕਾਰੀ ਰਹਿਤਵਾਨ ਸਿਖਾਂ ਨੂੰ ਕਿਡੀ ਵਡਿਆਈ ਦਿੰਦੇ ਹਨ। ਏਵਡ ਵਡੀ ਵਡਿਆਈ ਗੁਰੂ ਕੀ ਰਹਿਤ ਨੂੰ ਹੈ ਅਤੇ ਇਸ ਰਹਿਤ ਸੇਤੀ ਸੀਂਗਾਰੇ ਸਿੰਘ ਸਜੀਲੇ ਨੂੰ ਹੈ। ਗੁਰੂ ਘਰ ਵਿਖੇ ਜਿਤਨੇ ਭੀ ਰਹਿਤਨਾਮੇ ਹਨ ਸੋ ਸਭ ਸ੍ਰੀ ਦਸਮੇਸ਼ ਜੀ ਦੀ ਆਗਿਆ ਅਤੇ ਆਸ਼ੇ ਅਨਕੂਲ ਖਾਲਸਾ ਜੀ ਦੀ ਬਿਬੇਕ-ਕਮਾਈ ਲਈ ਹੁਕਮਨਾਮੇ ਹਨ, ਜਿਨ੍ਹਾਂ ਦੇ ਉਪਰ ਚਲਣਾ ਹਰੇਕ ਸਿੰਘ ਸੁਚਿਆਰ ਦਾ ਧਰਮ ਭਾਵੀ ਫਰਜ਼ ਹੈ। ਗੁਰੂ ਕਾ ਖਾਲਸਾ ਸਿੰਘ ਬਿਬੇਕੀ ਸੋ, ਜੋ ਗੁਰੂ ਕੀ ਰਹਿਤ ਭਾਵਨਾ ਕਮਾਈ ਵਿਚ ਸਨਮੁਖੀ ਸੂਰਾ ਅਤੇ ਗੁਰਮਤਿ ਬਿਬੇਕ ਆਗਿਆ ਵਿਚ ਹਾਜ਼ਰਾ ਹਜ਼ੂਰਾ, ਭਾਵੇਂ ਕਿਤਨੀਆਂ ਭੀ ਕਠਨਾਈਆਂ ਬਿਖਮਤਾਈਆਂ ਪੇਸ਼ ਆਵਣ, ਪ੍ਰੰਤੂ ਗੁਰੂ ਦਾ ਸੁਚਿਆਰ ਬਿਬੇਕੀ ਸਿੰਘ ਗੁਰੂ ਆਸਰੇ ਗੁਰੂ ਦ੍ਰਿੜ੍ਹਾਈ ਰਹਿਤ ਰਹਿਣੀ ਰਹੇਗਾ, ਪਰ ਰਹੇਗਾ। ਇਹੋ ਰਹਿਤ ਰਹਿਣੀ ਰਹਿਣਾ, ਗੁਰ ਹੁਕਮਾਂ ਉਪਰ ਚਲਣਾ, ਗੁਰ ਬਚਨਾਂ ਨੂੰ ਕਮਾਵਣਾ ਸਚਾ ਬਿਬੇਕ, ਗੁਰਮਤਿ ਗਿਆਨ ਬਿਬੇਕ ਹੈ। ਕਰਨੀਓਂ ਥੋਥਾ ਗਿਆਨ ਬਿਬੇਕ, ਰਹਿਤ ਰਹਿਣੀਓਂ ਊਰਾ ਗਿਆਨ ਬਿਬੇਕ ਗੁਰਮਤਿ ਅੰਦਰ ਪਰਵਾਣ ਨਹੀਂ। ਨਿਰੀ ਕਥਨੀ ਦੁਆਰਾ ਗਿਆਨ ਗਿਆਨ ਕੂਕਣਾ ਅਤੇ ਰਹਿਤ ਨ ਰਖਣਾ (ਭਾਵ. ਗੁਰਮਤਿ ਹੁਕਮ, ਗੁਰੂ ਕੇ ਬਚਨਾਂ ਉਪਰ ਤਤਪਰ ਰਹਿ ਕੇ ਉਨ੍ਹਾਂ ਨੂੰ ਨਾ ਕਮਾਉਣਾ) ਇਹ ਮਨਮੁਖਤਾਈ ਦੇ ਲਛਣ ਹਨ। ਯਥਾ ਗੁਰਵਾਕ:

ਗਿਆਨੁ ਗਿਆਨੁ ਕਥੈ ਸਭੁ ਕੋਈ ॥
ਕਥਿ ਕਥਿ ਬਾਦੁ ਕਰੈ ਦੁਖੁ ਹੋਈ ॥
ਕਥਿ ਕਹਣੈ ਤੇ ਰਹੈ ਨ ਕੋਈ ॥
ਬਿਨੁ ਰਸ ਰਾਤੇ ਮੁਕਤਿ ਨ ਹੋਈ ॥੨॥
ਗਿਆਨੁ ਧਿਆਨੁ ਸਭੁ ਗੁਰ ਤੇ ਹੋਈ ॥
ਸਾਚੀ ਰਹਤ ਸਾਚਾ ਮਨਿ ਸੋਈ ॥
ਮਨਮੁਖ ਕਥਨੀ ਹੈ ਪਰੁ ਰਹਤ ਨਾ ਹੋਈ...॥੩॥
(੮॥੧) ਬਿਲਾਵਲੁ ਅਸਟਪਦੀਆ ਮ:੧,੮੩੧

ਕਥਨੀ ਝੂਠੀ ਜਗੁ ਭਵੈ ਰਹਣੀ
ਸਬਦੁ ਸੁ ਸਾਰੁ ॥੬॥ (੮॥੫)
ਸਿਰੀਰਾਗੁ ਮ: ੧, ਪੰਨਾ ੫੬

'ਰਹਿਣੀ ਰਹਿਤ' ਤੋਂ ਭਾਵ ਕੇਵਲ ਪੰਜ ਕਕਾਰ ਦੀ ਰਹਿਤ ਰਖਣ ਤੋਂ ਨਹੀਂ। ਕਿੰਤੂ ਅੰਮ੍ਰਿਤ ਛਕਣ ਦੇ ਸਮੇਂ ਦ੍ਰਿੜ੍ਹਾਏ ਗੁਰਮਤਿ-ਅਸੂਲ ਮਈ ਹੁਕਮਾਂ ਤੋਂ ਲੈ ਜਿਤਨੇ ਭੀ ਹੁਕਮ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਆਪਣੀ ਪਵਿਤਰ ਬਾਣੀ ਰੂਪੀ ਬਚਨਾਂ ਦੁਆਰਾ ਅਸਾਡੇ ਪ੍ਰਤੀ ਦ੍ਰਿੜ੍ਹਾਉਂਦੇ ਹਨ, ਓਹਨਾਂ ਸਮੁਚੇ ਹੁਕਮਾਂ ਦਾ ਕਮਾਉਣਾ ਅਸਾਡਾ ਰਹਿਤ ਰਖਣਾ ਹੈ ਅਤੇ ਇਸੇ ਦਾ ਨਾਉਂ ਬਿਬੇਕ ਧਾਰਨਾ ਹੈ। ਇਸ ਧਾਰਨਾ ਦੇ ਕਿਸੇ ਅੰਗ ਨੂੰ ਭੀ ਭੰਗ ਕਰਨਾ ਸਿਖੀ ਸਿਦਕ ਦੇ ਰੰਗ ਵਿਚਿ ਭੰਗ ਪਾਉਣਾ ਹੈ। ਪਰੰਤੂ ਅੰਮ੍ਰਿਤ ਛਕਣ ਦੇ ਸਮੇਂ ਜੋ ਜੋ ਰਹਿਤ ਰਹਿਣੀਆਂ ਦ੍ਰਿੜ੍ਹਾਈਆਂ ਜਾਂਦੀਆਂ ਹਨ ਉਹ ਗੁਰਸਿਖੀ ਰੂਪੀ ਨਵੀਨ ਉਗਦੇ ਪੇਡ ਦੀਆਂ ਮੂਲ ਜੜ੍ਹਾਂ ਹਨ। ਜਿਨ੍ਹਾਂ ਦੇ ਜਿਉਂ ਕੇ ਤਿਉਂ ਹਰੇ ਭਰੇ ਅਤੇ ਸੁਰਜੀਤ ਹਰੇ ਰਖੇ ਬਿਨਾਂ ਗੁਰਸਿਖੀ ਰੂਪੀ ਪੇਡ ਦਾ ਮੁਉਲਣਾ ਅਤੇ ਫਲਣਾ ਫੁਲਣਾ ਅਤਿ ਅਸੰਭਵ ਹੈ।

ਵਡੀਆਂ ਕੁਰਹਿਤਾਂ ਦੇ ਨਿਮਖ ਮਾਤਰ ਭੀ ਨੇੜੇ ਨ ਜਾਣ ਦਾ ਹੁਕਮ ਜੋ ਅੰਮ੍ਰਿਤ ਛਕਣ ਸਮੇਂ ਮਿਲਦਾ ਹੈ, ਉਸ ਹੁਕਮ ਦੀ ਪਾਬੰਦੀ ਰਖਣਾ ਪਹਿਲਾ ਮੂਲ ਬਿਬੇਕ ਹੈ। ਜਿਸ ਨੂੰ ਧਾਰਨ ਕਰਨਾ ਤੇ ਕਰੀ ਰਖਣਾ ਗੁਰਸਿਖੀ ਤੋਂ ਪਤਿਤ ਹੋਣੋਂ ਸਦਾ ਲਈ ਬਚਾਉਂਦਾ ਹੈ ਅਤੇ ਇਸ ਬਿਬੇਕ ਧਾਰਨਾ ਦੀ ਪਰਵਾਹ ਨਾ ਰਖਣਾ, ਇਸ ਦੇ ਕਿਸੇ ਇਕ ਅੰਗ ਨੂੰ ਭੀ ਤੋੜਨਾ ਗੁਰਸਿਖੀ ਤੋਂ ਪਤਿਤ ਕਰਾਉਂਦਾ ਹੈ। ਪਤਿਤ ਹੋਣਾ ਜੜ੍ਹ ਮੂਲ ਤੋਂ ਉਖੜਨਾ ਹੈ। ਗੁਰਸਿਖੀ ਦੀ ਜੜ੍ਹ ਮੂਲ ਤੋਂ ਉਖੜੇ ਪ੍ਰਾਣੀ ਦੇ ਸਭੇ ਕਰਮ ਨਿਸਫਲ ਹਨ। ਤਾਂ ਹੀ ਤੇ ਇਸ ਮੂਲ ਬਿਬੇਕ ਧਾਰਨਾ ਦੀ ਰਹਿਤ ਤੋਂ ਰਹਿਤ ਹੋਣਾ ਪਤਿਤ-ਕਰਮੀ ਬਣਨਾ ਹੈ, ਭਾਵ ਵਡੀ ਕੁਰਹਿਤ ਕਰਨਾ ਹੈ।

ਪੰਚ ਕਕਾਰ ਆਦਿ ਛੋਟੀਆਂ ਰਹਿਤਾ ਰਖਣਾ ਅਤੇ ਏਹਨਾਂ ਰਹਿਤਾਂ ਵਿਚੋਂ ਕਿਸੇ ਇਕ ਰਹਿਤ ਤੋਂ ਖਿਨ



www.AKJ.Org

ਮਾਤਰ ਭੀ ਰਹਿਤ ਨ ਹੋਣਾ ਦੂਜਾ ਮੂਲ ਬਿਬੇਕ ਹੈ । ਜੋ ਗੁਰਸਿਖ ਏਹਨਾਂ ਸੁਗਮ ਰਹਿਤਾਂ ਨੂੰ ਰਖਣ ਦਾ ਪਾਬੰਦ ਨਹੀਂ ਹੋ ਸਕਿਆ ਉਹ ਪਹਿਲੀ ਸ਼੍ਰੇਣੀ ਦੇ ਮੂਲ ਬਿਬੇਕ ਦੀਆਂ ਬਿਖਮ ਪਾਬੰਦੀਆ ਕਦੋਂ ਰਖ ਸਕਿਆ ? ਏਹਨਾਂ ਦੋਹਾਂ ਮੂਲ ਬਿਬੇਕ ਰਹਿਣੀਆਂ ਦੀ ਰਹਿਤ ਤੋਂ ਹੀ ਪਰਗਟ ਪਹਾਰੇ ਪਛਾਣ ਸਕੀਦਾ ਹੈ ਕਿ ਸਿਖ ਤਿਆਰ ਬਰਤਿਆਰ ਹੈ ਕਿ ਨਹੀਂ। ਜੇ ਉਕਤ ਰਹਿਤ ਰਹਿਣੀ ਅੰਦਰਿ ਤਿਆਰ ਬਰਤਿਆਰ ਨਹੀਂ, **ਅਥਵਾ ਉਕਾ ਹੀ ਅਨਮਤੀ ਹੈ ਉਸਦਾ ਬਣਾਇਆ ਭੋਜਨ ਨ ਖਾਣਾ ਇਹ ਤੀਜਾ ਮੂਲ ਬਿਬੇਕ** ਹੈ, ਜਿਸਦਾ ਧਾਰਨਾ ਪਰਮ ਜ਼ਰੂਰੀ ਹੈ । ਕਿਉਂਕਿ :

ਜਾਂ ਕੀ ਰਹਿਤ ਨ ਜਾਣੀਐ ਗੁਰਬਾਣੀ ਨਹੀਂ ਰੀਤ ॥
ਤਾਂ ਕਾ ਭੋਜਨ ਖਾਇ ਕੈ ਬਿਸਰੈ ਹਰਿ ਕੀ ਪ੍ਰੀਤ ॥

ਵਾਲਾ ਹੁਕਮ ਦਸਦਾ ਹੈ ਕਿ ਜਿਸ ਬਿਬੇਕ ਦੇ ਨਾ ਧਾਰਨ ਕੀਤਿਆਂ (ਭਾਵ ਕੁਰਹਿਤੀਆਂ ਦਾ ਭੋਜਨ ਖਾ ਕੇ) ਹਰਿ ਕੀ ਪ੍ਰੀਤਿ ਹੀ ਵਿਸਰ ਜਾਂਦੀ ਹੈ ਤਾਂ ਸਿਫਤਿ ਸਲਾਹ ਰੂਪੀ ਸਾਰ ਬਿਬੇਕ ਵਿਖੇ ਭਲਾ ਕੀ ਤਤਪਰ ਹੋ ਸਕਣਾ ਸੀ । ਉਪਰ ਧਰਮਾਣਿਆ ਰਹਿਤਨਾਮੇ ਦਾ ਹੁਕਮ ਏਸ ਗੱਲ ਦੀ ਸੋਝੀ ਕਰਾਉਂਦਾ ਹੈ ਕਿ ਕਿਸੇ ਸਿਖ ਦੀ ਰਹਿਤ ਬਹਿਤ ਭਲੀ ਬਿਧਿ ਜਾਣੇ ਪਛਾਣੇ ਬਗੈਰ ਬਬੇਕੀ ਸਿੰਘ ਨੂੰ ਉਸ ਦੇ ਹੱਥੋਂ ਲੈ ਕੇ ਭੋਜਨ ਛਕਣਾ, ਅਥਵਾ ਉਸ ਦਾ ਸਜਾਇਆ ਬਣਾਇਆ ਭੋਜਨ ਛਕਣਾ ਯਾ ਉਸ ਦੇ ਨਾਲ ਬਾਟਾ ਅਭੇਦ ਕਰਨਾ ਬਿਬਰਜਤ ਹੈ ਅਤੇ ਇਕ ਸਚਿਆਰ ਸਿੰਘ ਦਾ ਇਸ ਬਿਧਿ ਵਰਜੇ ਰਹਿਣਾ ਬੜਾ ਉਤਮ ਬਿਬੇਕ ਕਰਮ ਹੈ । ਅੰਮ੍ਰਿਤ ਛਕਣ ਸਮੇਂ ਇਕ ਬਾਟ੍ਰੇ ਵਿਖੇ ਮਿਲ ਕੇ ਅਭੇਦ ਗੱਫੇ ਲਾਉਣ ਦੀ ਸੁਰੀਤ ਇਸ ਭੇਦ ਨੂੰ ਜਣਾਉਂਦੀ ਹੈ ਅਤੇ ਸੁਲਝਾਉਂਦੀ ਹੈ ਕਿ ਸਮਾਨ ਰਹਿਤ ਰਹਿਣੀ ਦੇ ਧਾਰਨੀ ਅੰਮ੍ਰਿਤ-ਧਾਰੀ ਸਿੰਘ ਸਹੋਦਰ ਸੁਨਹਿਰੀਏ ਵੀਰ ਹੀ ਪ੍ਰਸਪਰ ਨਿਰਸੰਦੇਹ ਖਾਨ ਪਾਨ ਦੀ ਅਭੇਦ ਵਰਤੋਂ ਰਖ ਸਕਦੇ ਹਨ । ਇਹੀ ਬਿਬੇਕ ਵਰਤੋਂ ਪ੍ਰਾਣਾਂ ਪ੍ਰਯੰਤ ਕਮਾਉਣੀ ਤੇ ਨਿਭਾਹੁਣ ਦਾ ਧੁਰਵਾ ਏਥੋਂ (ਅੰਮ੍ਰਿਤ ਸਮਾਗਮ) ਤੋਂ ਹੀ ਬਝਦਾ ਹੈ । ਏਥੋਂ ਹੀ ਸਪੱਸ਼ਟ ਤੌਰ ਪਰ ਅਨਮਤੀਆਂ ਨਾਲ ਖਾਨ ਪਾਨ ਨ ਰਖਣ ਦਾ ਬਹੁਮੁੱਲਾ ਹੁਕਮ ਮਿਲਦਾ ਹੈ ।

["ਗੁਰਮਤਿ ਬਿਬੇਕ" ਪੁਸਤਕ ਵਿੱਚੋਂ

# ਪੋਹ ਸੁਦੀ ਸਤਵੀਂ ਸਮੇਂ ਅਖੰਡ ਕੀਰਤਨੀ ਜਥੇ ਦੇ ਮਤੇ

੩-੧-੭੯, ਲੁਧਿਆਣਾ–ਪੋਹ ਸੁਦੀ ਸੱਤਵੀਂ ਦੇ ਸਮਾਗਮ ਤੇ ਅਖੰਡ ਕੀਰਤਨੀ ਜਥੇ ਦੀ ਕਾਰਜ ਸਾਧਕ ਕਮੇਟੀ ਨੇ ਸਰਬ ਸੰਮਤੀ ਨਾਲ ਹੇਠ ਲਿਖੇ ਮਤੇ ਪਾਸ ਕੀਤੇ :–

੧੩. ਦੁਸਹਿਰੇ ਸਮਾਗਮ ਤੇ ਮਿਤੀ ੯ ਅਤੇ ੧੦ ਅਕਤੂਬਰ ੧੯੭੮ ਨੂੰ ਦਿੱਲੀ ਵਿਖੇ ਹੋਈ ਮੀਟਿੰਗ ਦੀ ਕਾਰਵਾਈ ਦੀ ਪ੍ਰੋੜ੍ਹਤਾ ਕੀਤੀ ਗਈ ਅਤੇ ਇਸ ਤੇ ਸਾਰੇ ਹਾਜ਼ਰ ਮੈਂਬਰਾਂ ਨੇ ਕਾਰਵਾਈ ਦੇ ਰਜਿਸਟਰ ਵਿਚ ਆਪਣੇ ਦਸਖ਼ਤ ਕੀਤੇ ।

੧੪. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਅਵਤਾਰ ਦਿਵਸ ਮਨਾਉਣ ਲਈ ਜੰਮੂ ਦੀ ਸੰਗਤ ਨੂੰ ਜੂਨ ਦੇ ਮਹੀਨੇ ਕੀਰਤਨ ਸਮਾਗਮ ਰੱਖਣ ਲਈ ਪ੍ਰਵਾਨਗੀ ਦਿੱਤੀ ਗਈ ।

੧੫. ਪਾਸ ਹੋਇਆ ਕਿ ਕੀਰਤਨ ਕੰਠਾਗਰ ਬਾਣੀ ਦੀ ਸਹਾਇਤਾ ਨਾਲ ਹੀ ਕੀਤਾ ਜਾਇਆ ਕਰੇ । ਜੇ ਪੋਥੀ ਤੋਂ ਕੁਝ ਮਦਦ ਦੀ ਲੋੜ ਭਾਸੇ ਤਾਂ ਕਿਸੇ ਸਹਾਇਕ ਵਿਅਕਤੀ ਦੀ ਸਹਾਇਤਾ ਨਾਲ ਰੀਲ ਉੱਤੇ ਸਾਫ਼ ਸੁਥਰਾ ਰੁਮਾਲਾ ਵਿਛਾ ਕੇ ਪੋਥੀ ਨੂੰ ਪ੍ਰਕਾਸ਼ ਕੀਤਾ ਜਾਏ । ਵਾਜੇ ਉੱਪਰ ਪੋਥੀ ਜਾਂ ਕਾਪੀ ਨਾ ਰੱਖੀ ਜਾਏ ।

੧੬. ਜ਼ਿਲਾ ਫ਼ਰੀਦਕੋਟ (ਪੰਜਾਬ) ਦੇ ਪ੍ਰਤੀਨਿਧ ਨੂੰ ਉਨ੍ਹਾਂ ਵਲੋਂ ਕਮੇਟੀ ਦੇ ਇਕ ਮੈਂਬਰ ਬਾਰੇ ਲਿਖਤੀ ਰੂਪ ਵਿਚ ਲਾਏ ਗਏ ਨਿਰਮੂਲ ਦੋਸ਼ ਨੂੰ ਮੁਖ ਰਖਕੇ ਕਾਰਜ ਸਾਧਕ ਕਮੇਟੀ ਦੀ ਮੈਂਬਰਸ਼ਿਪ ਤੋਂ ਹਟਾ ਦਿਤਾ ਗਿਆ ਅਤੇ ਉਨ੍ਹਾਂ ਨੂੰ ਅਗਲੀ ਮੀਟਿੰਗ ਵਿਚ ਪੇਸ਼ ਹੋ ਕੇ ਲਿਖਤੀ ਰੂਪ ਵਿਚ ਮੁਆਫ਼ੀ ਮੰਗਣ ਲਈ ਕਿਹਾ ਗਿਆ ।

ਨੋਟ : ਲੁਧਿਆਣਾ, ਚੰਡੀਗੜ੍ਹ ਅਤੇ ਫ਼ਰੀਦਕੋਟ ਦੇ ਜ਼ਿਲਿਆਂ ਦੇ ਪ੍ਰਤੀਨਿਧਾਂ ਦੇ ਨਾਵਾਂ ਦੀ ਸੂਚਨਾ ਸਥਾਨਕ ਸੰਗਤਾਂ ਜਲਦੀ ਤੋਂ ਜਲਦੀ ਕੇਂਦਰ ਨੂੰ ਭੇਜਣ ਦੀ ਕਿਰਪਾ ਕਰਨ ।

ਖਾਲਸਾ ਜੀ ਦਾ ਦਾਸ–ਰਾਮ ਸਿੰਘ (ਜਥੇਦਾਰ)

ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ



www.AKJ.Org

# ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਰਹੈ

[ਵਲੋਂ—ਭਾਈ ਜੋਗਿੰਦਰ ਸਿੰਘ ਜੀ ਤਲਵਾੜਾ]

''ਗੁਰੂ'' ਦਾ ਸ਼ਬਦੀ ਅਰਥ ਹੈ ਅੰਨ੍ਹੇਰੇ ਵਿਚ ਚਾਨਣ ਕਰਨ ਵਾਲਾ । ਗੁਰੂ ਤੋਂ ਭਾਵ ਹੈ ਉਹ ਹੋਂਦ, ਜੋ ਮਨ ਵਿਚੋਂ ਅਗਿਆਨਤਾ ਦਾ ਅੰਨ੍ਹੇਰਾ ਦੂਰ ਕਰ ਕੇ ਗਿਆਨ ਦਾ ਪਰਕਾਸ਼ ਕਰ ਦੇਵੇ ।

ਮਾਦੀ ਦੁਨੀਆ ਵਿਚ ਦੀਵਾ ਅੰਨ੍ਹੇਰੇ ਨੂੰ ਦੂਰ ਕਰਦਾ ਹੈ ਜਾਂ ਬਿਜਲੀ ਦੇ ਬਲਬ ਦੁਆਰਾ ਅੰਨ੍ਹੇਰੇ ਵਿਚ ਚਾਨਣ ਹੁੰਦਾ ਹੈ । ਸੁਆਲ ਪੈਦਾ ਹੁੰਦਾ ਹੈ ਕਿ ਕੀ ਚਾਨਣ ਕਰਨ ਵਾਲੀ ਵਸਤੂ ਦੀਵੇ ਅਥਵਾ ਬਲਬ ਦਾ ਖੋਲ (Container) ਹੈ, ਜਾਂ ਕੋਈ ਹੋਰ ਚੀਜ਼ ? ਨਿਰਸੰਦੇਹ ਬਲਬ ਜਾਂ ਖੋਲ ਜੋਤੀ ਦੇ ਪ੍ਰਗਟਾਅ ਦਾ ਕੇਵਲ ਮਾਧਿਅਮ ਹੈ, ਜੋਤੀ ਕੋਈ ਹੋਰ ਚੀਜ਼ ਹੈ ।

ਅਧਿਆਤਮਕ ਖੇਤਰ ਵਿਚ ਪ੍ਰਕਾਸ਼ ਕਰਨ ਵਾਲੀ ਹਸਤੀ ''ਗੁਰੂ'' ਹੈ । ਮਾਦੀ ਨਜ਼ਰ ਨਾਲ ਵੇਖਿਆਂ ਗੁਰੂ ਵਿਅਕਤੀ ਦਿਸਦਾ ਹੈ, ਪਰ ਗਿਆਨ-ਨੇਤਰਾਂ ਦੁਆਰਾ ਇਹ ਭੇਤ ਖੁਲ੍ਹਦਾ ਹੈ ਕਿ ਗੁਰੂ 'ਵਿਅਕਤੀ' ਨਹੀਂ, 'ਸ਼ਕਤੀ' ਹੈ, ਜਾਂ ਇਉਂ ਕਹੋ ਗੁਰੂ 'ਦੇਹ' ਨਹੀਂ, 'ਜੋਤਿ' ਹੈ । ਸਾਰੇ ਸਤਿਗੁਰਾਂ ਨੇ ਬਾਣੀ ਉਚਾਰਨ ਕਰਦਿਆਂ ਹੋਇਆਂ ਆਪਣੇ ਨਿਜੀ ਨਾਮ ਦੀ ਬਜਾਏ 'ਨਾਨਕ' ਨਾਮ ਦੀ ਵਰਤੋਂ ਕੀਤੀ, ਤੇ ਏਸ ਤਰ੍ਹਾਂ ਕਰ ਕੇ ਇਹ ਸੱਚਾਈ ਦ੍ਰਿੜ੍ਹ ਕਰਵਾਈ ਕਿ ਗੁਰੂ 'ਸਰੀਰ' ਨਹੀਂ, 'ਜੋਤਿ' ਹੈ। ਸਿਖ ਇਤਿਹਾਸ ਵਿਚ ਗੁਰੂ-ਜੋਤਿ ਨੇ ਦਸ ਸਰੀਰ-ਜਾਮੇ ਬਦਲੇ ਤੇ ਹੁਣ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿਚ ਬਿਰਾਜਮਾਨ ਹੈ। ਜੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਦੇਹ ਗੁਰੂ ਹੁੰਦੀ ਤਾਂ ਉਹਨਾਂ ਦੇ ਸਰੀਰ-ਚੋਲਾ ਛਡਣ ਨਾਲ ਗੁਰਤਾ ਦਾ ਸਿਲਸਿਲਾ ਸਮਾਪਤ ਹੋ ਜਾਂਦਾ । ਅਸਲੀਅਤ ਇਹ ਹੈ ਕਿ ਕਾਇਆਂ ਪਲਟਦੀ ਰਹੀ ਪਰ ਗੁਰੂ ਦੀ ਸ਼ਬਦ-ਜੋਤਿ ਅਤੇ ਜੁਗਤਿ ਸਦਾ ਕਾਇਮ ਦਾਇਮ ਰਹੀ, ਅਤੇ ਹੁਣ ਵੀ ਸ਼ਬਦ-ਜੋਤਿ ਓਵੇਂ ਹੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਰੂਪ ਵਿਚ ਅਸਥਿਤ ਹੈ । ਜੁਗਤਿ ਵਰਤਾਉਣ ਲਈ ਅਥਵਾ ਗੁਰ-ਦੀਖਿਅਤ ਕਰਨ ਲਈ ਦੇਹ ਦੀ ਲੋੜ, ਕਰ੍ਨੀ-ਕਮਾਈ ਵਾਲੇ ਤਿਆਰ-ਬਰ-ਤਿਆਰ ਪੰਜ ਗੁਰਸਿਖਾਂ ਦੁਆਰਾ ਪੂਰੀ ਕੀਤੀ ਜਾਂਦੀ ਹੈ । ਗੁਰ-ਦੀਖਿਆ ਅੰਮ੍ਰਿਤ-ਸਿੰਚਾਰ ਦੀ ਰਸਮ ਪੂਰੀ ਕਰਨ ਮਗਰੋਂ ਪੰਜ ਪਿਆਰੇ ਫਿਰ ਗੁਰੂ ਕੇ ਸਿਖ ਹੀ ਸਦਵਾਉਂਦੇ ਹਨ, ਸੰਸਾਰ ਦੇ ਧਾਰਮਿਕ ਇਤਿਹਾਸ ਵਿਚ ਇਹ ਵਿਲੱਖਣ ਗੁਰਮੁਖੀ ਚਾਲ ਹੈ।

ਮਾਦੀ ਦੁਨੀਆ ਵਿਚ ਸਰੀਰ ਅਥਵਾ ਦੇਹ ਨੂੰ ਬਹੁਤ ਮਹੱਤਤਾ ਪ੍ਰਾਪਤ ਹੈ । ਮਾਦਾ-ਪ੍ਰਸਤ ਵਿਅਕਤੀ ਤਾਂ ਸਰੀਰ ਨੂੰ ਹੀ ਸਭ ਕੁਝ ਸਮਝਦੇ ਹਨ, ਪਰ ਅਧਿਆਤਮਕ ਖੇਤਰ ਵਿਚ ਦੇਹ ਨੂੰ ਓਨੀ ਹੀ ਮਹੱਤਤਾ ਪ੍ਰਾਪਤ ਹੈ ਜਿੰਨੀ ਦੀ ਇਹ ਪਾਤਰ ਹੈ। ਜੋਤਿ ਦੇ ਟਾਕਰੇ ਵਿਚ ਦੇਹ ਨੂੰ ਤੁਛ ਸਮਝਿਆ ਗਿਆ ਹੈ । ਗੁਰਬਾਣੀ ਦਾ ਫ਼ੁਰਮਾਨ ਹੈ—

ਕਾਇਆ ਮਾਟੀ ਅੰਧ ਹੈ ਪਉਣੈ ਪੁਛਹੁ ਜਾਇ ॥੧॥
(੭)ਸਲੋਕ ਮ: ੩, ਵਾਰ ਗੂਜਰੀ, ਪੰਨਾ੫੧੧

ਪਿਛਲੇ ਕੁਝ ਸਾਲਾਂ ਤੋਂ ਦੇਹ-ਧਾਰੀ ਗੁਰੂ-ਡੰਮ ਦੀ ਬੜੀ ਚਰਚਾ ਹੈ। ਸਿਖ ਧਰਮ ਵਿਚ ਗੁਰੂ ਪ੍ਰਤੀ ਅਥਾਹ ਵਿਸ਼ਵਾਸ ਤੋਂ ਲਾਭ ਲੈਣ ਲਈ ਕਈ ਭਦਰ-ਪੁਰਸ਼ ਮੈਦਾਨ ਵਿਚ ਆ ਨਿਤਰੇ ਹਨ। ਗੁਰੂਆਂ ਦੀ ਹੇੜ ਆ ਗਈ ਹੈ । ਜੇ ਇਸੇ ਸਪੀਡ (ਤੇਜ਼ੀ) ਨਾਲ ਕੰਮ ਚਲਦਾ ਰਿਹਾ ਤਾਂ ਕਿਸੇ ਦਿਨ ਨੂੰ ਚੇਲਿਆਂ ਤੋਂ ਗੁਰੂਆਂ ਦੀ ਗਿਣਤੀ



www.AKJ.Org

ਵਧ ਜਾਏਗੀ। ਤ੍ਰਿਕਾਲ ਦਰਸੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਸ ਦਸ਼ਾ ਨੂੰ ਜਾਣਦਿਆਂ ਹੋਇਆਂ ਹੀ ਸ਼ਖ਼ਸੀ ਗੁਰਤਾ ਦਾ ਸਿਲਸਿਲਾ ਬੰਦ ਕੀਤਾ ਸੀ ਅਤੇ ਗੁਰਸਿਖਾਂ ਨੂੰ ਸ਼ਬਦ-ਪੁੰਜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾ ਕੇ ਜੁਗਤਿ ਵਰਤਾਉਣ ਦਾ ਅਧਿਕਾਰ ਸ਼ਬਦ-ਗੁਰੂ ਦੀ ਤਾਬਿਆ ਵਿਚ ਵਿਚਰਨ ਵਾਲੇ ਕਰਣੀ ਕਮਾਈ ਵਾਲੇ ਪੰਜਾਂ ਦੇ ਪੁੰਜ—ਖ਼ਾਲਸਾ ਪੰਥ—ਨੂੰ ਬਖ਼ਸ਼ਿਆ ਸੀ । ਇਸ ਦੇ ਨਾਲ ਹੀ ਗੁਰੂ ਪਾਤਸ਼ਾਹ ਜੀ ਨੇ ਆਪਣੇ ਅਮੋਲਕ ਬਚਨਾਂ ਦੁਆਰਾ ਗੁਰਸਿਖਾਂ ਨੂੰ ਡੰਮੀ ਗੁਰੂਆਂ ਤੋਂ ਖ਼ਬਰਦਾਰ ਵੀ ਕਰ ਦਿਤਾ ਸੀ :—

ਘਰਿ ਘਰਿ ਹੋਇ ਬਹੈਂ ਹੈ ਰਾਮਾ ॥
ਤਿਨ ਤੇ ਸਰੈ ਨ ਕੋਊ ਕਾਮਾ ॥

ਸ਼ਬਦ-ਗੁਰੂ ਦੇ ਸਿਧਾਂਤ ਦੀ ਪੁਸ਼ਟੀ ਵਿਚ ਬੇਅੰਤ ਪ੍ਰਮਾਣ ਹਨ, ਇਤਿਹਾਸਕ ਵੀ ਤੇ ਸਿਧਾਂਤਕ ਵੀ। ਟੂਕ ਮਾਤਰ ਕੁਝ ਪ੍ਰਮਾਣ ਹੇਠਾਂ ਦਰਜ ਕੀਤੇ ਜਾਂਦੇ ਹਨ :—

**ਇਤਿਹਾਸਕ ਪ੍ਰਮਾਣ —**

ਸਿਖਾਂ ਨੇ ਪੂਛਾ, "ਜੋ ਅਬ ਦਰਸ਼ਨ ਕਹਾਂ ਕਰਹਿ ।" ਸਤਿਗੁਰ ਦੀਨ ਦਿਆਲ ਬਚਨ ਕੀਆ, "ਦਸ ਸਰੂਪ ਪੂਰਨ ਭਏ, ਅਜ ਮੇਰਾ ਜਾਹਗਾ 'ਗੁਰੂ ਗਿਰੰਥ ਸਾਹਿਬ' ਕੋ ਜਾਨਨਾ। ਜਿਸ ਨੇ ਮੇਰੇ ਸੇ ਬਾਤ ਕਰਨੀ ਹੋਇ ਤੋ ਆਦਿ ਗਿਰੰਥ ਸਾਹਿਬ ਕਾ ਪਾਠ ਕਰਨਾ। ਮੇਰੇ ਸੇ ਬਾਤ ਹੋਵੈਗੀ।"

—ਮਹਿਮਾ ਪ੍ਰਕਾਸ਼
ਕ੍ਰਿਤ ਬਾਵਾ ਸਰੂਪ ਦਾਸ ਭਲਾ

ਤੀਨ ਰੂਪ ਹੈ ਮੋਹਿ ਕੇ ਸੁਨੋ ਨੰਦ ਚਿਤ ਲਾਇ ॥
ਨਿਰਗੁਣ ਸਰਗੁਣ 'ਗੁਰ ਸਬਦ'
ਕਹੋਂ ਤੋਹਿ ਸਮਝਾਇ ॥
ਏਕ ਰੂਪ ਤਿਹੁ ਗੁਣ ਤੇ ਪਰੇ ॥
ਨੇਤਿ ਨੇਤਿ ਜਿਹ ਨਿਗਮ ਉਚਰੇ ॥
ਦੂਸਰ ਰੂਪ 'ਗ੍ਰੰਥ ਜੀ' ਜਾਨੋ ॥
ਇਨ ਕੇ ਅੰਗ ਮੇਰੋ ਕਰ ਮਾਨੋ ॥

ਰਹਿਤਨਾਮਾ ਭਾ:ਨੰਦਲਾਲ ਜੀ,ਪ੍ਰਸ਼ਨ ਉਤਰ

ਗੁਰੂ ਗ੍ਰੰਥ ਜੀ ਅਸਤ । ਦਰਮਿਆਨੇ ਗ੍ਰੰਥ ਵਾ ਗੁਰੂ ਹੇਚ ਫ਼ਰਕੇ ਨੇਸਤ । ਅਜ਼ ਦੀਦਾਰਿ ਗ੍ਰੰਥ ਜੀ ਮੁਸ਼ਹਿਦਾਨਿ ਦੀਦਾਰਿ ਫ਼ਰਹਤ ਆਸਾਰਿ ਗੁਰੂ ਸਾਹਿਬ ਬਾਇਦ ਨਮੂਦ ॥

(ਅਰਥ—ਗੁਰੂ ਗ੍ਰੰਥ ਜੀ ਹਨ। ਗ੍ਰੰਥ ਅਤੇ ਗੁਰੂ ਦੇ ਵਿਚਕਾਰ ਕੋਈ ਫ਼ਰਕ ਨਹੀਂ ਹੈ। ਗ੍ਰੰਥ ਜੀ ਦੇ ਦਰਸ਼ਨਾਂ ਤੋਂ ਗੁਰੂ ਸਾਹਿਬ ਦੇ ਅਨੰਦ-ਭਰਪੂਰ ਦਰਸ਼ਨ ਹੋਣਗੇ।)

ਉਮਾਦੁਤ-ਤਵਾਰੀਖ਼ ਕ੍ਰਿਤ ਮੁਨਸ਼ੀ ਸੋਹਣ ਲਾਲ

**ਸਿਧਾਂਤਕ ਪ੍ਰਮਾਣ—**

ਸਬਦੁ ਗੁਰ ਪੀਰਾ ਗਹਿਰ ਗੰਭੀਰਾ
ਬਿਨੁ ਸਬਦੈ ਜਗੁ ਬਉਰਾਨੰ ॥੮॥੧॥
ਸੋਰਠਿ ਮ: ੧, ਪੰਨਾ ੬੩੫

ਭਾਣੀ ਗੁਰੂ ਗੁਰੂ ਹੈ ਬਾਣੀ
ਵਿਚਿ ਬਾਣੀ ਅੰਮ੍ਰਿਤੁ ਸਾਰੇ ॥
ਨਟ ਅਸਟ: ਮ: ੪, ਪੰਨਾ ੯੮੨

ਗੁਰ ਮੂਰਤਿ ਗੁਰ ਸਬਦੁ ਹੈ
ਸਾਧ ਸੰਗਤਿ ਵਿਚ ਪਰਗਟੀ ਆਇਆ ॥
ਭਾਈ ਗੁਰਦਾਸ ਜੀ, ਵਾਰ ੨੪, ਪ: ੨੫

ਸਤਿਗੁਰ ਮੈ ਸਬਦ ਸਬਦ ਮੈ ਸਤਿਗੁਰ ਰਹੈ
ਨਿਰਗੁਣ ਗਿਆਨ ਧਿਆਨ ਸਮਝਾਵੈ ਜੀ।
ਭਾਈ ਗੁਰਦਾਸ ਜੀ, ਕਬਿਤ ੫੩੪

'ਸ਼ਬਦ-ਗੁਰੂ' ਸਿਧਾਂਤ ਦਾ ਧ੍ਰਵਾ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿਖੀ ਦੇ ਅਰੰਭ ਕਾਲ ਵਿਚ ਹੀ ਬੰਨ੍ਹ ਦਿਤਾ । ਸੁਮੇਰ ਪਰਬਤ ਤੇ ਜਦੋਂ ਗੁਰੂ ਪਾਤਸ਼ਾਹ ਗਏ ਤਾਂ ਸਿਧਾਂ ਨੇ ਸਵਾਲ ਕੀਤਾ :—

ਕਵਣ ਮੂਲੁ ਕਵਣ ਮਤਿ ਵੇਲਾ ॥
ਤੇਰਾ ਕਵਣੁ ਗੁਰੂ ਜਿਸ ਕਾ ਤੂ ਚੇਲਾ ॥
ਕਵਨ ਕਥਾ ਲੇ ਰਹਹੁ ਨਿਰਾਲੇ ॥
ਬੋਲੈ ਨਾਨਕੁ ਸੁਣਹੁ ਤੁਮ ਬਾਲੇ ॥੪੩॥

ਗੁਰੂ ਪਾਤਸ਼ਾਹ ਜੀ ਨੇ ਉਤਰ ਬਖ਼ਸ਼ਿਆ :—

ਪਵਨ ਅਰੰਭੁ ਸਤਿਗੁਰ ਮਤਿ ਵੇਲਾ ॥
ਸਬਦੁ ਗੁਰੂ ਸੁਰਤਿ ਧੁਨਿ ਚੇਲਾ ॥
ਅਕਥ ਕਥਾ ਲੇ ਰਹਉ ਨਿਰਾਲਾ ॥



www.AKJ.Org

ਨਾਨਕ ਜੁਗਿ ਜੁਗਿ ਗੁਰ ਗੋਪਾਲਾ ॥੪੪॥
ਰਾਮਕਲੀ ਸਿਧ ਗੋਸਟਿ ਮ: ੧, ਪੰਨਾ ੯੪੨-੪੩

ਏਨੇ ਸਪੱਸ਼ਟ ਸ਼ਬਦਾਂ ਦੇ ਬਾਵਜੂਦ ਜੇ ਕੋਈ ਸ਼ਖ਼ਸੀ ਪੂਜਾ ਪਿਛੇ ਲੂਰ ਲੂਰ ਕਰੀ ਜਾਵੇ ਤਾਂ ਉਸ ਦੇ ਮੰਦੇ ਭਾਗ। "ਜੈਸਾ ਸੇਵੈ ਤੈਸਾ ਹੋਇ"* ਦਾ ਅਟੱਲ ਸਿਧਾਂਤ ਹੈ। ਦੇਹ-ਮਿੱਟੀ ਦੀ ਪੂਜਾ-ਪ੍ਰਤਿਸ਼ਟਾ ਕਰ ਕੇ, ਇਹਨੂੰ ਗੁਰੂ ਮੰਨ ਕੇ ਪਲੇ ਮਿੱਟੀ ਹੀ ਪੈ ਸਕਦੀ ਹੈ, ਮਨ ਵਿਚ ਤੱਤ-ਗਿਆਨ ਦਾ ਪਰਕਾਸ਼ ਨਹੀਂ ਹੋ ਸਕਦਾ।

ਦੇਹ-ਪੂਜਾ ਦੇ ਜ਼ਾਲ ਵਿਚੋਂ ਕਢਣ ਲਈ ਸਤਿਗੁਰਾਂ ਨੇ ਹੋਰ ਵਧੇਰੇ ਸਪੱਸ਼ਟ ਕੀਤਾ, 'ਦੇਹ' ਅਤੇ 'ਸ਼ਬਦ' ਦਾ ਪਰਸਪਰ ਟਾਕਰਾ ਕਰ ਕੇ ਸ਼ਬਦ ਦੀ ਸਿਰਮੌਰਤਾ ਦਰਸਾ ਕੇ ਨਿਰਸੰਦੇਹ ਨਿਰਣਾ ਕਰ ਦਿਤਾ ਕਿ ਸ਼ਬਦ ਤੱਤ ਵਸਤੂ ਹੈ ਤੇ ਆਤਮ-ਵਿਗਾਸ ਕੇਵਲ ਸ਼ਬਦ ਦੁਆਰਾ ਹੀ ਸੰਭਵ ਹੋ ਸਕਦਾ ਹੈ:—

ਸਤਿਗੁਰ ਨੋ ਸਭੁ ਕੋ ਵੇਖਦਾ ਜੇਤਾ ਜਗਤੁ ਸੰਸਾਰੁ ॥
ਡਿਠੈ ਮੁਕਤਿ ਨ ਹੋਵਈ
ਜਿਚਰੁ ਸਬਦਿ ਨ ਕਰੇ ਵੀਚਾਰੁ ॥੧॥(੨੧)
ਵਡਹੰਸ ਕੀ ਵਾਰ, ਪੰਨਾ ੫੯੪

ਬਚਨ ਹੋਇਆ ਸਾਡੇ ਚਰਨ ਸਾਧ ਸੰਗਤਿ ਵਿਚ ਸਦਾ ਰਹਿੰਦੇ ਹੈਨਿ ॥............ ਤੁਸੀਂ ਸਦਾ ਮੇਰੇ ਚਰਨਾਂ ਦੀ ਸਰਨਿ ਹੋ॥ ਸਰੀਰ ਮੇਰਾ ਸਰਗੁਣ ਹੈ ਤੇ ਸਬਦ ਮੇਰਾ ਰਿਦਾ ਹੈ, ਜੋ ਨਿਰਗੁਣ ਰੂਪ ਹੈ॥ ਜੇ ਸਰੀਰ ਨਾਲ ਮਿਲੋਗੇ ਤਾਂ ਫੇਰ ਭੀ ਵਿਛੜੋਗੇ, ਪਰ ਜੇ ਸਬਦ ਨਾਲ ਮਿਲੋਗੇ ਤਾਂ ਵਿਛੜੋਗੇ ਨਹੀਂ ॥
ਸਿਖਾਂ ਦੀ ਭਗਤਮਾਲ ਕ੍ਰਿਤ ਭਾ:ਮਨੀ ਸਿੰਘ ਜੀ ਸ਼ਹੀਦ

ਇਹ ਬਦਕਿਸਮਤੀ ਦੀ ਗੱਲ ਹੈ ਕਿ ਅਸੀਂ "ਸ਼ਬਦ-ਗੁਰੂ" ਦੇ ਸਿਧਾਂਤ ਨੂੰ ਨਾ ਆਪ ਸਮਝ ਸਕੇ ਹਾਂ ਅਤੇ ਨਾ ਹੀ ਸੰਸਾਰ ਵਿਚ ਪਰਚਾਰ ਸਕੇ ਹਾਂ। ਸਾਡਾ ਮਿਸ਼ਨ ਸੁਸਤ ਹੀ ਨਹੀਂ, ਸੁੱਤਾ ਹੋਇਆ ਹੈ। ਨਹੀਂ ਨਹੀਂ, ਸਾਡਾ ਕੋਈ ਬਾਕਾਇਦਾ ਮਿਸ਼ਨ ਹੈ ਈ ਨਹੀਂ। ਰੱਬ ਈ ਰਾਖਾ ਹੈ !! ਇਹ ਡਿੰਭੀ ਗੁਰੂਆਂ ਦੀ ਭਰਮਾਰ ਸਾਡੀ ਅਣਗਹਿਲੀ ਤੇ ਅਵੇਸਲੇਪਣ ਦਾ ਹੀ ਸਿੱਟਾ ਹੈ। ਸਿਖ ਕੌਮ ਕੋਲ ਪ੍ਰਗਟ, ਪ੍ਰਮਾਣ ਤੇ ਪਰਤੱਖ ਸਤਿਗੁਰੂ ਸ੍ਰੀ ਗੁਰੂ ਗ੍ਰੰਥ ਸਾਹਿਬ ਹੈ। ਪਰ ਕੌਮ ਦੇ ਮੁਹਾਣੇ (ਮਲਾਹ-ਲੀਡਰ) ਗੁਰੂਆਂ ਦੀ ਕਲਪਤ ਫ਼ੋਟੋ ਛਪਵਾ ਛਪਵਾ ਕੇ ਆਪਣੀ ਸੂਝ ਬੂਝ ਦਾ ਦਵਾਲਾ ਕਢਵਾ ਰਹੇ ਹਨ। ਇਹ ਫ਼ੋਟੋ-ਪਰਚਾਰ ਗੁਰਮਤਿ ਦੇ ਵਿਰੁਧ ਹੈ ਤੇ ਇਸ ਨਾਲ ਦੇਹ-ਧਾਰੀ ਪ੍ਰਥਾ ਨੂੰ ਬਲ ਮਿਲਦਾ ਹੈ। ਉਹਨਾਂ ਦੀ ਰੀਸੇ ਹੁਣ ਕਈ ਪ੍ਰਾਈਵੇਟ ਵਪਾਰੀਆਂ ਨੇ ਗੁਰੂ ਦੇ ਮਨੋ-ਕਲਪਤ ਪਲਾਸਟਕ ਆਦਿ ਦੇ ਬੁੱਤ ਬਣਾ ਕੇ ਵੇਚਣੇ ਅਰੰਭ ਕਰ ਦਿਤੇ ਹਨ। ਦੋਸ਼ ਕਿਸ ਨੂੰ ?

ਇਕ ਗੱਲ ਹੋਰ ਅਤਿ ਲੋੜੀਂਦੀ ਹੈ। ਉਹ ਹੈ ਸ਼ਬਦ-ਗੁਰੂ ਦੇ ਸਿਧਾਂਤ ਦੀ ਅਮਲੀ ਵਰਤੋਂ। ਸਿਧਾਂਤ ਭਾਵੇਂ ਕਿੰਨਾ ਉੱਚਾ ਤੇ ਸੁੱਚਾ ਹੋਵੇ, ਉਨੀ ਦੇਰ ਤਕ ਪ੍ਰਚਲਤ ਨਹੀਂ ਹੁੰਦਾ ਜਿੰਨੀ ਦੇਰ ਤਕ ਉਹ ਜੀਵਨ ਵਿਚ ਪ੍ਰਤੀਬਿੰਬਤ ਹੋ ਕੇ ਸਾਹਮਣੇ ਨਾ ਆਵੇ। ਇਸ ਗੱਲ ਤੋਂ ਮੁਕਰਿਆ ਨਹੀਂ ਜਾ ਸਕਦਾ ਕਿ ਸਾਡੀ ਪੰਥਕ ਦਸ਼ਾ ਬੜੀ ਨਿਘਰੀ ਹੋਈ ਹੈ। ਪੰਥਕ ਪਧਰ ਤੇ ਪ੍ਰਮੁਖਤਾ, ਕਰਣੀ ਕਮਾਈ ਵਾਲੇ ਤੇ ਨਿਰਮਲ ਜੀਵਨ ਵਾਲੇ ਵਿਅਕਤੀਆਂ ਦੀ ਬਜਾਏ ਚਲਾਕ ਤੇ ਮੂੰਹ-ਜ਼ੋਰ ਬੰਦਿਆਂ ਨੂੰ ਪ੍ਰਾਪਤ ਹੈ। ਵਤਰੋਂ ਟੱਪ ਚੁਕੇ ਭੱਦਰ ਪੁਰਸ਼, ਜਿਹੜੇ ਆਪਣੀ ਸਰੀਰਕ ਕਿਰਿਆ ਵੀ ਭਲੀ ਪਰਕਾਰ ਨਹੀਂ ਸੋਧ ਸਕਦੇ, ਕੇਵਲ ਲੀਡਰ ਲੋਕਾਂ ਦੀ ਝੋਲੀ-ਚੁਕੀ ਕਰਕੇ ਫਨੀਅਰ ਸੱਪਾਂ ਵਾਂਗ ਉਚ ਪਦਵੀਆਂ ਤੇ ਧਰਨਾ ਮਾਰੀ ਬੈਠੇ ਹਨ। ਧਾਰਮਿਕ ਆਗੂਆਂ ਵਿਚ ਆਤਮ-ਵਿਗਾਸ ਦੀ ਅਣਹੋਂਦ ਕਾਰਨ ਧਾਰਮਕ ਜਾਗ ਅਗੇ ਲਗ ਨਹੀਂ ਰਹੀ। ਸਾਰੀ ਧਾਰਮਿਕ ਰਹੁ-ਰੀਤ ਫੋਕੀ ਤੇ ਰਸਮੀ ਬਣਾ ਦਿਤੀ ਗਈ ਹੈ।

ਤਖ਼ਤ ਚੌਰ ਦੇ ਮਾਲਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ, ਪਰ ਸਾਡੇ ਤਖ਼ਤ ਸਾਹਿਬਾਂ ਉਤੇ ਇਸ ਵੇਲੇ ਕੇਵਲ ਸ਼ਸਤਰ ਬਿਰਾਜਮਾਨ ਹਨ। ਇਹ ਧਾਰਮਿਕ ਪਖੋਂ ਬੋਦੇ ਹੋ ਚੁਕੇ ਧਾਰਮਕ ਆਗੂ ਤਖ਼ਤਾਂ ਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਬਿਰਾਜਮਾਨ

* ਗਉੜੀ ਮ: ੧, ਪੰਨਾ ੨੨੪



www.AKJ.Org

ਕਰਨ ਤੋਂ ਸੰਕੋਚ ਕਰਦੇ ਹਨ। ਜਦੋਂ ਸਾਡੇ ਧਾਰਮਿਕ ਆਗੂਆਂ ਵਿਚ "ਸ਼ਬਦ-ਗੁਰੂ" ਲਈ ਏਨਾ ਕੁ ਸਤਿਕਾਰ ਹੈ ਤਾਂ ਉਹਨਾਂ ਤੋਂ ਸ਼ਬਦ-ਗੁਰੂ ਦੇ ਸਿਧਾਂਤ ਦੇ ਪਰਚਾਰ ਦੀ ਆਸ ਕਿਵੇਂ ਕੀਤੀ ਜਾ ਸਕਦੀ ਹੈ।

ਸੋ ਲੋੜ ਹੈ ਕਿ ਸ਼ਰਧਾ ਭਾਵਨੀ ਵਾਲੇ ਤੇ ਨਿਰਮਲ ਕਰਣੀ ਵਾਲੇ ਸੁਘੜ ਸੁਜਾਨ ਵਿਅਕਤੀ ਧਾਰਮਿਕ ਪਦਵੀਆਂ ਤੇ ਲਾਏ ਜਾਣ, ਜੋ ਆਪਣਾ ਸਮੁੱਚਾ ਜੀਵਨ ਪੰਥਕ ਵਿਕਾਸ ਲਈ ਲਾ ਦੇਣ। ਅਜਿਹੇ ਵਿਗਸੇ ਹੋਏ ਪੁਰਸ਼ਾਂ ਦੁਆਰਾ ਜਿਸ ਜਿਸ ਨੂੰ ਗੁਰ-ਦੀਖਿਅਤ ਕੀਤਾ ਜਾਵੇਗਾ, ਉਸ ਦੀ ਕਾਇਆ-ਕਲਪ ਹੋ ਜਾਵੇਗੀ, ਉਸ ਦਾ ਅੰਦਰਲਾ ਜਾਗ ਉਠੇਗਾ। ਏਸ ਤਰ੍ਹਾਂ "ਸ਼ਬਦ-ਗੁਰੂ" ਸਿਧਾਂਤ ਲੋਕ-ਪ੍ਰਿਅ ਹੋ ਸਕਦਾ ਹੈ। ਸੰਸਾਰ ਲਈ ਇਹ ਸਿਧਾਂਤ ਹੀ ਕਲਿਆਣਕਾਰੀ ਹੈ। ਸਾਰੀ ਸ੍ਰਿਸ਼ਟੀ ਦਾ ਉਧਾਰ ਇਸ ਸਿਧਾਂਤ ਦੁਆਰਾ ਹੋਣਾ ਨਿਸਚਿਤ ਹੈ। ਯਥਾਗੁਰਵਾਕ—

ਕਲਿਜੁਗੁ ਉਧਾਰਿਆ ਗੁਰਦੇਵ ॥
ਮਲ ਮੂਤ ਮੂੜਮੁਘਦ ਹੋਤੇ ਸਭਿ ਲਗੇ ਤੇਰੀ ਸੇਵ ॥
ਤੂ ਆਪਿ ਕਰਤਾ ਸਭ ਸ੍ਰਿਸਟਿ ਧਰਤਾ
ਸਭ ਮਹਿ ਰਹਿਆ ਸਮਾਇ ॥
ਧਰਮ ਰਾਜਾ ਬਿਸਮਾਦੁ ਹੋਆ
ਸਭ ਪਈ ਪੈਰੀ ਆਇ ॥੨॥(੧੪੦)

ਆਸਾ ਮ: ੫, ਪੰਨਾ ੪੦੬

## ਸ਼ਬਦ ਗੁਰੂ

[ਵਲੋਂ—ਗਿ: ਹਰਬੰਸ ਸਿੰਘ ਜੀ, ਚੰਡੀਗੜ੍ਹ]

ਸ਼ਬਦ ਗੁਰੂ, ਸਰੀਰ ਨਹੀਂ ਗੁਰੂ ਹੁੰਦਾ, ਕਿਉਂਕਿ ਸ਼ਬਦ ਤੋਂ ਰੱਬੀ ਗਿਆਨ ਹੁੰਦਾ।
ਸ਼ਬਦ ਸਦਾ, ਸਰੀਰ ਨਹੀਂ ਸਦਾ ਰਹਿੰਦਾ, ਕਿਉਂਕਿ ਤੱਤਾਂ ਤੋਂ ਬਣਿਆ ਇਨਸਾਨ ਹੁੰਦਾ।
ਸ਼ਬਦ ਹਰ ਥਾਂ ਤੇ ਅੰਗ ਸੰਗ ਹੁੰਦਾ, ਸ਼ਬਦ ਰਾਹੀਂ ਇਕ ਪੱਕਾ ਗਿਆਨ ਹੁੰਦਾ।
ਦੇਹਧਾਰੀ ਗੁਰੂ ਅੰਤ ਮਰ ਜਾਂਦਾ, ਮਰਨ ਉਤੇ ਚੇਲੇ ਨੂੰ ਅਰਮਾਨ ਹੁੰਦਾ।੧।
ਕਈ ਆਖਦੇ ਸ਼ਬਦ-ਗੁਰ ਬੋਲਦਾ ਨਹੀਂ, ਉਹਨਾਂ ਮੂਰਖਾਂ ਤਾਈਂ ਗਿਆਨ ਨਾਹੀਂ।
ਸ਼ਬਦ ਰਾਹੀਂ ਹੀ ਸਾਰਾ ਗਿਆਨ ਹੁੰਦਾ, ਜਿਸ ਨੂੰ ਸਮਝ ਨਹੀਂ ਉਹ ਇਨਸਾਨ ਨਾਹੀਂ।
ਦੇਹਧਾਰੀ ਗੁਰੂ ਜੋ ਸਦਾਂਵਦੇ ਨੇ, ਰਹਿੰਦਾ ਉਹਨਾਂ ਦਾ ਨਾਮੋ ਨਿਸ਼ਾਨ ਨਾਹੀਂ।
ਸਿਖ ਧਰਮ ਗੁਰ-ਸ਼ਬਦ ਨੂੰ ਮੰਨਦਾ ਏ, ਬਿਨਾਂ ਸ਼ਬਦ-ਗੁਰ ਹੋਰ ਪਰਵਾਨ ਨਾਹੀਂ।੨।
ਜੇਕਰ ਬੋਲਣਾ ਪਰਖ-ਕਸਵਟੀ ਗੁਰ ਦੀ, ਤਾਂ ਫਿਰ ਕਾਂ ਕੁੱਤੇ ਗੱਧੇ ਬੋਲਦੇ ਸਭ।
ਗਊਆਂ ਮੱਝਾਂ, ਘੋੜੇ ਬਕਰੇ, ਬਾਗੜ ਬਿਲੇ, ਗਿਦੜ ਗਿਦੜੀਆਂ ਲੂੰਮੜ ਵੀ ਬੋਲਦੇ ਸਭ।
ਵਾਜੇ, ਜੋੜੀਆਂ, ਢੋਲ ਮ੍ਰਿਦੰਗ ਆਦਿਕ, ਚਿਮਟੇ ਛੈਣੇ ਤੇ ਕੈਂਸੀਆਂ ਬੋਲਦੇ ਸਭ।
ਜਿਤਨੇ ਤੰਤੀ ਅਤੰਤੀ ਹਨ ਸਾਜ਼ ਸਾਰੇ, ਰੇਡੀਓ ਟ੍ਰਾਂਜ਼ਿਸਟਰ ਟੀ. ਵੀ. ਬੋਲਦੇ ਸਭ।੩।
ਬੋਲਣ ਵਾਲਾ ਹੀ ਕੇਵਲ ਜੋ ਗੁਰੂ ਮੰਨਦੇ, ਉਹ ਫਿਰ ਉਪਰ ਲਿਖੇ ਗੁਰੂ ਧਾਰ ਵੇਖਣ।
ਘਰ ਬੈਠਿਆਂ ਹੀ ਸਿਖਿਆ ਲਈ ਜਾਵਣ, ਜ਼ਰਾ ਆਪਣਾ ਆਪ ਸੰਵਾਰ ਵੇਖਣ।
ਆਪਣੇ ਗੁਰਾਂ ਦਾ ਸੁਨਣ ਉਪਦੇਸ਼ ਰਜ ਕੇ, ਸੁੰਦਰ ਦੇਹਾਂ ਦਾ ਪਾ ਦੀਦਾਰ ਵੇਖਣ।
ਇਉਂ ਗੇੜ ਚਉਰਾਸੀ ਦਾ ਮੁਕਣਾ ਨਹੀਂ, ਬੇਸ਼ਕ ਦੇਹ ਨਾਲ ਪਾ ਪਿਆਰ ਵੇਖਣ।੪।
ਸ਼ਬਦ ਗੁਰੂ ਦਾ ਕੋਈ ਸਰੀਰ ਨਾਹੀਂ, ਮਾਲ ਮਤਾ ਵੀ ਕਿਸੇ ਤੋਂ ਮੰਗਦਾ ਨਹੀਂ।
ਬੇਮੁਹਤਾਜ, ਬੇਗਰਜ਼ ਇਹ ਗੁਰੂ ਸੋਹਣਾ, ਜਿਹੜਾ ਸੱਚ ਦਸਣੋਂ ਕਦੇ ਸੰਗਦਾ ਨਹੀਂ।
ਨਾਮ ਬਖਸ਼ ਕੇ ਪਾਪਾਂ ਦੀ ਮੈਲ ਕਟਦਾ, ਮੈਲ ਕਟੇ ਬਿਨਾਂ ਕਦੇ ਰੰਗਦਾ ਨਹੀਂ।
ਜਿਹੜਾ ਸ਼ਰਨ ਗੁਰ-ਸ਼ਬਦ ਦੀ ਆ ਜਾਂਦਾ, ਉਸ ਨੂੰ ਦੁਖ ਕਿਸੇ ਭੁਖ ਨੰਗ ਦਾ ਨਹੀਂ।੫।
ਜਾਗਤ ਜੋਤਿ ਅਨੂਪ ਹਰ ਥਾਂ ਵਸਦੀ, ਉਹ ਅਮਰ ਅਜੋਨੀ ਅਟੱਲ ਸੋਹਣੀ।
ਉਹ ਬੋਲਦੀ ਸੁਣਦੀ ਤੇ ਰਸ ਲੈਂਦੀ, ਬਿਨਾਂ ਮੈਲ ਤੋਂ ਹੈ ਅਮੱਲ ਸੋਹਣੀ।
ਬਿਨਾਂ ਅੱਖਾਂ ਤੋਂ ਸਭ ਕੁਝ ਵੇਖ ਰਹੀ ਏ, ਬਿਨਾਂ ਪੈਰਾਂ ਤੋਂ ਚਲਦੀ ਅਚੱਲ ਸੋਹਣੀ।
ਦਰਸ਼ਨ ਜੋਤਿ ਚੰਮ-ਦ੍ਰਿਸ਼ਟੀ ਦਾ ਕੰਮ ਨਹੀਂ, ਵਿਰਲਾ ਸਮਝਦਾ ਗਿਆਨ ਦੀ ਗੱਲ ਸੋਹਣੀ।੬।


www.AKJ.Org

# ਨਕਲੀ ਨਿਰੰਕਾਰੀਆਂ ਦੀ ਕਰਮ-ਤਸਵੀਰ

[ਵਲੋਂ--ਗਿਆਨੀ ਹਰਬੰਸ ਸਿੰਘ ਜੀ, ਚੰਡੀਗੜ੍ਹ]

ਬੂਟਾ ਸਿੰਘ ਨੇ ਬੇਟੇ ਬਣਾਏ ਅਪਣੇ, ਚਿੱਟ-ਕਪੜੀਏ ਇਹ ਨ ਫ਼ਕੀਰ ਤੱਕੋ।
ਮੁਰਗੇ ਮੱਛੀ ਅੰਡੇ ਗਊ ਮਾਸ ਖਾਂਦੇ, ਜ਼ਰਾ ਇਹਨਾਂ ਦੀ ਕਰਮ-ਤਸਵੀਰ ਤੱਕੋ।
ਨਿਜ-ਨਾਰ ਪਰ-ਨਾਰ ਵਿਚ ਭੇਦ ਕੋਈ ਨਹੀਂ, ਕਢੀ ਇਹਨਾਂ ਦੀ ਨਵੀਂ ਤਦਬੀਰ ਤੱਕੋ।
ਮਦ ਪੀਉ ਜੀਉ, ਖਾਉ ਜੋ ਮਰਜ਼ੀ, ਗਿਆਨ ਇਹਨਾਂ ਦਾ ਇਹ ਬੇਨਜ਼ੀਰ ਤੱਕੋ।੧।
ਹਿੰਦੂ ਸਿਖ ਮੁਸਲਿਮ ਕੋਈ ਈਸਾਈ ਭਾਵੇਂ, ਮਿੰਟਾਂ ਵਿਚ ਨਿਰੰਕਾਰੀ ਬਣਾਂਵਦੇ ਇਹ।
ਰੰਨਾਂ ਮਰਦਾਂ ਦੇ ਪੈਰਾਂ ਨੂੰ ਹੱਥ ਲਾਵਣ, ਮਰਦ ਰੰਨਾਂ ਦੇ ਪੈਰੀਂ ਪਏ ਪਾਂਵਦੇ ਇਹ।
ਇਕ ਹੱਥ ਉਤੇ, ਇਕ ਹੱਥ ਤਲੇ, ਇਹਦੇ ਵਿਚ ਨਿਰੰਕਾਰ ਦਿਖਾਂਵਦੇ ਇਹ।
ਭਾਗਾਂ ਵਾਲਿਓ ਕਿਸੇ ਨੂੰ ਦਸਿਓ ਨਾ, ਗਿਆਨ ਦੇਣ ਵੇਲੇ ਸਹੁੰ ਪਾਂਵਦੇ ਇਹ।੨।

ਸੱਚੀ ਬਾਣੀ ਦੀ ਇਹ ਭੰਨ ਤੋੜ ਕਰਦੇ, ਕੱਚੀ ਬਾਣੀ ਇਕ ਵਖਰੀ ਬਣਾਈ ਇਹਨਾਂ।
ਨਾਂ ਰਖਿਆ ਉਸ ਦਾ 'ਅਵਤਾਰ ਬਾਣੀ', ਲੋਕਾਂ ਵਿਚ ਵਿਹਲੀ ਭੰਡੀ ਪਾਈ ਇਹਨਾਂ।
ਰਾਮ ਕ੍ਰਿਸ਼ਨ ਨਾਨਕ ਅੱਲਾ ਆਪ ਬਣਦੇ, ਲੋਈ ਸ਼ਰਮ ਦੀ ਮੂੰਹ ਤੋਂ ਲਾਹੀ ਇਹਨਾਂ।
ਕਹਿੰਦੇ ਜੋ ਮੰਗੋ ਇਥੋਂ ਮਿਲ ਜਾਂਦਾ, ਪੈਸੇ ਵੰਡ ਕੇ ਗੱਲ ਧੁਮਾਈ ਇਹਨਾਂ।੩।
ਇਹਨਾਂ ਲੋਕਾਂ ਦਾ ਚਜ ਆਚਾਰ ਵੇਖੋ, ਕਿਹੋ ਜਿਹੇ ਕੁਕਰਮ ਕਮਾਂਵਦੇ ਨੇ।
ਦੇ ਕੇ ਪਦਵੀਆਂ ਝੂਠਿਆਂ ਚੇਲਿਆਂ ਨੂੰ, ਭਾਈ ਲਾਲੋ ਗੁਰਦਾਸ ਸਦਾਂਵਦੇ ਨੇ।
ਬੇਬੇ ਨਾਨਕੀ ਆਦਿ ਕਈ ਨਾਂ ਰਖਦੇ, ਕਦੇ ਸਤ ਸਤਾਰੇ ਬਣਾਂਵਦੇ ਨੇ।
ਸੱਚੀਂ ਕਾਰ ਨੂੰ ਇਹ ਬੇ-ਕਾਰ ਦਸਦੇ, ਮੱਥਾ ਪੰਥ ਦੇ ਨਾਲ ਇਉਂ ਲਾਂਵਦੇ ਨੇ।੪।

**ਲੋਕਾਂ ਦੇ** ਵਿਚਾਰ–

## *ਨਕਲੀ ਬਾਬੇ ਦੀ ਸ਼ਕਤੀ*

ਭੋਲੇ ਭਾਲੇ ਮਨੁੱਖ ਕਈ ਇਹ ਕਹਿੰਦੇ, ਨਕਲੀ ਆਗੂ ਕੋਈ ਸਿੱਧੀ ਕਮਾਈ ਹੋਈ ਏ।
ਜਾਂ ਕੋਈ ਜਾਦੂ ਦੀ ਛੜੀ ਇਹ ਰਖਦਾ ਏ, ਅਪਣੇ ਮਗਰ ਲੋਕਾਈ ਜੋ ਲਾਈ ਹੋਈ ਏ।
ਅਫ਼ਸਰ-ਸ਼ਾਹੀ ਤੇ ਹੋਰ ਵਜ਼ੀਰ ਜਿਹੜੇ, ਸਭ ਨਾਲ ਇਸ ਨੇ ਯਾਰੀ ਲਾਈ ਹੋਈ ਏ।
ਇਸ ਨੂੰ ਫੜਨ ਦੀ ਥਾਂ, ਬਚਾ ਰਹੇ ਨੇ, ਕੇਂਦਰ ਵਿਚ ਇਸ ਠੁੱਕ ਬਣਾਈ ਹੋਈ ਏ।੫।

**ਅਸਲੀਅਤ**–ਸਚਮੁਚ ਜੇ ਇਹ ਸ਼ਕਤੀਵਾਨ ਹੁੰਦਾ, ਆਪਣੇ ਆਪ ਨੂੰ ਪੁਲਸ ਦੇ ਪੇਸ਼ ਕਰਦਾ।
ਤਰਲੇ ਲੈਂਦਾ ਨਾ ਵਿਚ ਕਚਹਿਰੀਆਂ ਦੇ, ਇਧਰ ਉਧਰ ਦੀ ਫਿਰ ਨਾ ਰੇਸ ਕਰਦਾ।
ਜਾਣ ਬੁਝ ਕੇ ਨਾ ਬੀਮਾਰ ਬਣਦਾ, ਕਤਲ-ਕੇਸ ਨੂੰ ਹੱਸ ਕੇ ਫ਼ੇਸ ਕਰਦਾ।
ਕਰਾਮਾਤ ਕੋਈ ਐਸੀ ਵਿਖਾ ਦਿੰਦਾ, ਜਿਸ ਨੂੰ ਵੇਖ ਕੇ ਲੋਕ ਆਦੇਸ ਕਰਦਾ।੬।

ਸ਼ਕਤੀ ਬੂਟੇ ਅਵਤਾਰ ਦੀ ਭੁੱਲੀ ਹੋਈ ਨਹੀਂ, ਪੁੱਛੋ ਇਸ ਬਾਰੇ ਪੋਠੋਹਾਰੀਆਂ ਨੂੰ।
ਕੋਹੜ ਕੈਂਸਰ ਦੇ ਨਾਲ ਇਹ ਦੋਵੇਂ ਮੋਏ, ਪੁਛੋ ਰਾਵਲਪਿੰਡੀ ਦੇ ਨਰ ਨਾਰੀਆਂ ਨੂੰ।
ਰਖੇ ਹੋਏ ਸਨ ਇਹਨਾਂ ਏਜੰਟ ਅਪਣੇ, ਸੱਦਾ ਦੇਂਦੇ ਸਨ ਸਦਾ ਬਦਕਾਰੀਆਂ ਨੂੰ।
ਗੁਰੂ ਰੰਨਾਂ ਦੇ ਕਦੇ ਨਹੀਂ ਭੁੱਖੇ ਮਰਦੇ, ਕਹਿੰਦੇ 'ਜੀ ਆਇਆਂ' ਮਾਇਆ-ਧਾਰੀਆਂ ਨੂੰ।੭।
ਝੂਠੇ ਗੁਰੂ ਦੇ ਮਗਰ ਕਿਉਂ ਲਗੇ ਲੋਕੀਂ, ਉਸਦਾ ਕਾਰਨ ਵਿਗਿਆਨੀ ਇਉਂ ਦਸਦੇ ਨੇ :
ਜਿਸ ਪਾਸੇ ਕਿਸੇ ਦਾ ਝੁਕਾਅ ਹੋਵੇ, ਉਸ ਪਾਸੇ ਹੀ ਸਭ ਲੋਕੀ ਫਸਦੇ ਨੇ।
ਚੋਰ ਚੋਰਾਂ ਦੀ ਟੋਲੀ ਵਿਚ ਜਾ ਰਲਦੇ, ਸਾਧੂ ਸਾਧੂਆਂ ਦੇ ਵਿਚ ਵਸਦੇ ਨੇ।
ਖਾਣ ਪੀਣ ਵਿਭਚਾਰ ਦੀ ਖੁਲ੍ਹ ਖ਼ਾਤਰ, ਲੋਕੀ ਏਸ ਦੇ ਮਗਰ ਪਏ ਨਸਦੇ ਨੇ।੮।

www.AKJ.Org

# ਸ੍ਰੀ ਮਾਨ ਅਕਾਲੀ ਕੌਰ ਸਿੰਘ ਜੀ

[ਵਲੋਂ—ਗੁਰਪੁਰਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

## ਆਹ ਮੇਰਾ ਰੰਗਲਾ ਸਾਜਣ ਅਕਾਲੀ ਕੌਰ ਸਿੰਘ !

ਸਜਣ ਮੇਰੇ ਰੰਗੁਲੇ ਜਾਇ ਸੁਤੇ ਜੀਰਾਣਿ ॥
ਹੰਭੀ ਵੰਞਾ ਡੁਮਣੀ ਰੋਵਾ ਝੀਣੀ ਬਾਣਿ ॥੨॥
ਸਿਰੀਰਾਗੁ ਮ: ੧, ਪੰਨਾ ੨੩

ਇਸ ਪਿਆਰੇ ਸਾਜਨੜੇ ਦੇ ਪਹਿਲੇ ਰੰਗੀਲੇ ਦਰਸ਼ਨ ਮੈਨੂੰ ੧੯੦੭ ਵਿਚ ਖਾਲਸਾ ਕਾਲਜ (ਅੰਮ੍ਰਿਤਸਰ) ਦੇ ਗੁਰਦੁਆਰੇ ਦੇ ਬਾਹਰਵਾਰ ਲਗੇ ਰਹਿਰਾਸ ਸਾਹਿਬ ਦੇ ਦੀਵਾਨ ਵਿਚ ਹੋਏ, ਜਦੋਂ ਕਿ ਮੈਂ ਉਥੇ ਸੁਪਰੰਟੰਡੰਟ ਲਗਾ ਹੋਇਆ ਸੀ। ਰਹਿਰਾਸ ਸਾਹਿਬ ਦੇ ਪਾਠ ਦੀ ਅਰਦਾਸ ਪਿਛੋਂ ਯਕਾ ਯਕ ਇਕ ਅਨੂਪਮ ਨੌਜਵਾਨ ਵਿਅਕਤੀ ਅਕਾਲੀ ਵੇਸ ਵਿਚ ਉਠ ਕੇ ਭਾਸ਼ਨ ਦੇਣ ਲਗ ਪਈ। ਭਾਸ਼ਨ ਦੇ ਅਰੰਭ ਤੋਂ ਹੀ ਇਸ ਵਿਅਕਤੀ ਦੇ ਮੁਖਾਰਬਿੰਦ ਤੋਂ ਜੋ ਕੁਛ ਨਿਕਲਣਾ ਅਰੰਭ ਹੋਇਆ, ਉਹ ਇਕ ਅਜ਼ਗੈਬੀ ਇਬਾਰਤ ਵਿਚ ਸੁਤੇ ਸੁਫਟ ਹੋਈ ਫੁਲਝੜੀ ਦੀ ਨਿਆਈਂ ਸੀ। ਇਕ ਇਕ ਲਫਜ਼ ਗੁਰਮਤਿ ਦੇ ਪੂਰਨ ਅੰਦਾਜ਼ ਵਿਚ ਗੁੰਦਿਆ ਹੋਇਆ ਕ੍ਰਿਸ਼ਮਾ ਸੀ। ਸਰੋਤੇ ਜਨ ਸੁਣਨ ਸਾਰ ਹੀ ਚਕ੍ਰਿਤ ਰਹਿ ਗਏ। ਮੇਰੀ ਭਾਸ਼ਨ ਵਿਚ ਸੁਰਤੀ ਬਿਰਤੀ ਬਿਮੋਹਤ ਹੋ ਗਈ।

ਉਸ ਤੋਂ ਪਹਿਲਾਂ ਮੈਨੂੰ ਕਦੇ ਭੀ ਕਿਸੇ ਦਾ ਭਾਸਨ ਚੰਗਾ ਨਹੀਂ ਸੀ ਲਗਾ, ਜਾਂ ਉਠ ਕੇ ਚਲੇ ਜਾਣਾ, ਜਾਂ ਲੈਕਚਰ ਕਰਨਹਾਰੇ ਨੂੰ ਹਟਾ ਦੇਣਾ। ਮੇਰੀ ਜੁਰਅਤ ਨਾ ਪੈ ਸਕੀ ਕਿ ਦੋਹਾਂ ਵਿਚੋਂ ਕੋਈ ਹਰਕਤ ਕਰ ਸਕਾਂ।

ਜਦੋਂ ਪਰਤ ਕੇ ਉਸ ਦੇ ਚੇਹਰੇ ਵਲ ਦੇਖਿਆ ਤਾਂ ਹੋਰ ਭੀ ਦੰਗ ਰਹਿ ਗਿਆ। ਸਮੁਚੀ ਦੀ ਸਮੁਚੀ ਸੰਗਤ ਹੀ ਉਸ ਵਲ ਦੇਖ ਪੇਖ ਕੇ ਜਜ਼ਬੁਲ ਮਸਤ ਹੋ ਗਈ। ਉਸ ਦਾ ਗੋਰਾ ਛੋਹ ਚਿਹਰਾ, ਨਰਗਸੀ ਮਸਤੀਲੀਆਂ ਅਖੀਆਂ, ਸੁੰਦਰੀਲਾ ਸੁਰਮਈ ਵੇਸ, ਕਾਲੇ ਕੇਸਾਂ ਦੀ ਲੂਈ, ਜੇਹੀ ਸੁੰਦਰ ਮੁਖਾਰਬੰਦ ਦੇ ਦੁਆਲੇ ਸਫੁਟ ਹੋਈਵੀ ਸਚ ਮੁਚ ਉਸਨੂੰ ਅਰਸ਼ੋਂ ਉਤਰੀ ਹੋਈ ਵਿਅਕਤੀ ਸਾਬਤ ਕਰਦੀ ਸੀ। ਇਕੋ ਅੰਦਾਜ਼ ਵਿਚ ਬਗੈਰ ਕਿਸੇ ਹਰਕਤ ਇਕ ਪੁਤਲੀ ਦੀ ਨਿਆਈਂ ਪੰਦਰ੍ਹਾਂ ਮਿੰਟ ਬਰਾਬਰ ਉਕਤ ਦਿਬਯ ਵਿਅਕਤੀ ਮੁਖੋਂ ਭਾਸ਼ਨ ਨਿਛਾਵਰ ਕਰਦੀ ਰਹੀ।

ਅਚਾਨਕ ਹੀ ਭਾਸ਼ਣ ਸਮਾਪਤ ਕਰ ਕੇ ਅਚਾਨਕ ਹੀ ਗ਼ਾਇਬ ਹੋ ਗਈ ਤੇ ਸਭ ਨੂੰ ਚਕ੍ਰਿਤ ਕਰ ਕੇ ਚਲੀ ਗਈ। ਸਭਨਾਂ ਦੇ ਮੂੰਹਾਂ ਤੋਂ ਉਸ ਵੇਲੇ ਚਿਹ ਮੇ ਗੋਈਆਂ ਹੋਣ ਲਗ ਪਈਆਂ, ਤਰ੍ਹਾਂ ਤਰ੍ਹਾਂ ਦੇ ਰੀਮਾਰਕ ਹੋਣ ਲਗ ਪਏ। ਦਰਸ-ਪਰੇਮੀਆਂ ਨੇ ਸਮਝਿਆ ਕਿ ਇਹ ਕੋਈ ਗੁਰੂ ਕਾ ਲਾਲ ਨਵੀਨ ਪ੍ਰਗਟ ਹੋਇਆ ਹੈ, ਜੋ ਸਭ ਨੂੰ ਬਿਸਮਾਦ ਕਰ ਕੇ ਗ਼ੈਬੋਂ ਹੀ ਆਇਆ ਅਤੇ ਗੁਪਤੋ ਗੁਪਤ ਹੀ ਚਲਦਾ ਲਗਾ। ਪਰੰਤੂ ਕਾਲਜ ਦੇ ਮਨਚਲੇ ਪੜ੍ਹਾਕੂ ਸਾਰੇ ਏਹੀ ਆਖਣ ਕਿ ਇਹ ਕੋਈ ਸੀ. ਆਈ. ਡੀ. ਦਾ ਬੰਦਾ ਸੀ। ਲਗੇ ਉਸਦੀ ਤਲਾਸ਼ ਕਰਨ, ਕਈਆਂ ਨੇ ਤਾਂ ਉਸਨੂੰ ਮਾਰਨ ਕੁਟਣ ਦੀ ਹੀ ਠਾਣ ਲਈ। ਮੈਂ ਉਨ੍ਹਾਂ ਨੂੰ ਬਥੇਰਾ ਸਮਝਾਇਆ ਕਿ ਐਸਾ ਮਤ ਕਰੋ। ਗੁਰੂ ਕੇ ਗੁਰਮੁਖ ਲਾਲ ਪ੍ਰਤੀ ਐਸਾ ਚਿਤਣਵਾ ਹੀ ਮਹਾਂ ਪਾਪ ਹੈ। ਖ਼ੈਰ, ਉਕਤ ਉਡਣ ਪੰਖੇਰੂ ਨਾ ਉਹਨਾਂ ਨੂੰ ਲਭਾ, ਨਾ ਹੀ ਦਰਸ ਚਾਹਵਾਨ ਰੂਹੜੀਆਂ ਨੂੰ ਉਹ ਵਿਅਕਤੀ ਮੁੜ ਨਮੂਦਾਰ ਹੋਈ।

ਚਿੱਤ ਵਿਚ ਲਾਲਸਾ ਭਰੀ ਤਾਂਘ ਇਹ ਲਗੀ ਰਹੀ ਕਿ ਜਦੋਂ ਉਸਨੂੰ ਫੇਰ ਦੇਖੀਏ ਤੇ ਉਸ ਨਾਲ ਗੋਸ਼ਟ ਕਰੀਏ। ਇਹ ਭੀ ਇਕ ਅਚੰਭਾ ਸੀ ਕਿ ਇਹ ਵਿਅਕਤੀ ਕੌਣ ਹੋਈ। ਤਿਸ ਪਰ ਇਕ ਦਾਨੇ ਬੀਨੇ ਸਿਖ ਨੇ ਦਸਿਆ ਕਿ ਇਹ ਅਕਾਲੀ



www.AKJ.Org

ਕੌਰ ਸਿੰਘ ਹੈ । ਇਸ ਤੋਂ ਵਧ ਉਸ ਪਾਸੋਂ ਹੋਰ ਕੁਛ ਪਤਾ ਨਾ ਲਗਾ। ਹਿਰਦੇ ਨੂੰ ਵੇਧ ਕੇ ਚਲਾ ਗਿਆ। ਪਰ ਤਿਸ ਦੇ ਮਿਲਣ ਦੀ ਇਛਾ ਹਿਰਦੇ ਅੰਦਰ ਵਸ ਰਸ ਗਈ।

ਕੁਦਰਤ ਐਸੀ ਹੋਈ ਕਿ ਦੂਜੇ ਦਿਨ ਹੀ ਮੈਨੂੰ ਪਟਿਆਲੇ ਜਾਣ ਦਾ ਅਵਸਰ ਬਣਿਆ । ਪਟਿਆਲੇ ਜਾ ਕੇ ਅਸੀਂ ਗੁਰਮੁਖ ਪਿਆਰੇ ਗੁਰਪੁਰ ਨਿਵਾਸੀ ਭਾਈ ਜੋਗਿੰਦਰ ਸਿੰਘ ਜੀ ਦੇ ਡੇਰੇ ਜਾ ਉਤਾਰੇ ਕੀਤੇ। ਅਗੋ ਉਹ ਅਜੇ ਬਾਹਰੋਂ ਆ ਹੀ ਰਹੇ ਸਨ, ਆਉਂਦੇ ਹੀ ਉਨ੍ਹਾਂ ਜ਼ਿਕਰ ਕੀਤਾ ਕਿ ਅਜ ਇਕ ਨਵਲ ਨਿਹੰਗ ਅਕਾਲੀ ਦੇ ਦਰਸ਼ਨ ਹੋਏ ਹਨ । ਮੈਂ ਹੁਣੇ ਹੀ ਨਿਹਾਲ ਨਿਹਾਲ ਹੋ ਕੇ ਆਇਆ ਹਾਂ। ਇਕ ਗੁਰਮੁਖ ਪਿਆਰੇ ਦੇ ਗ੍ਰਿਹਿ ਵਿਖੇ ਉਨ੍ਹਾ ਦਾ ਉਤਾਰਾ ਹੈ। ਭਾਈ ਜੋਗਿੰਦਰ ਸਿੰਘ ਜੀ ਮੈਨੂੰ ਉਦੋਂ ਹੀ ਉਸ ਗ੍ਰਿਹਿ ਵਿਖੇ ਲੈ ਵੰਜੇ । ਇਹ ਦੂਜੀ ਗੁਰਮੁਖ ਝਾਕੀ ਸੀ। ਝਾਤ ਦੁਆਰਾ ਹੀ ਸੈਨਤ ਨਾਲ ਬਾਤ ਚੀਤ ਹੋਈ । ਮੁਖੋਂ ਕਿਸੇ ਨੇ ਕੁਝ ਨਹੀਂ ਅਲਾਇਆ। ਇਹ ਖ਼ਿਆਲ ਕਰਕੇ ਕਿ ਦੂਜੇ ਦਿਨ ਮੁੜ ਦਰਸ਼ਨ ਮੇਲੇ ਹੋਣਗੇ, ਅਸੀਂ ਉਥੋਂ ਚਲੇ ਆਏ। ਦੂਜੇ ਦਿਨ ਪਤਾ ਲਗਾ ਕਿ ਉਹ ਹਜ਼ੂਰ ਸਾਹਿਬ ਨੂੰ ਚਲੇ ਗਏ ਹਨ। ਸ਼ਾਇਦ ਇਹ ਹਜ਼ੂਰ ਸਾਹਿਬ ਚਲੇ ਜਾਣ ਦੀ ਦੂਜੀ ਫੇਰੀ ਸੀ, ਠਾਠ ਬਾਠ ਉਨ੍ਹਾਂ ਦਾ ਉਦੋਂ ਬੜਾ ਅਮੀਰਾਨਾ ਸੀ। ਚਾਹੇ ਸੁਰਮਈ ਰੰਗ ਦਾ ਬਾਣਾ ਸੀ। ਸਭ ਵਧੀਆ ਰੇਸ਼ਮੀ ਬਣਤਰ ਦਾ। ਸਾਨੂੰ ਉਦੋਂ ਐਸਾ ਪ੍ਰਤੀਤ ਹੋਇਆ ਕਿ ਗ੍ਰਿਹਸਤ ਵਿਚ ਨਿਰਬਾਣ ਯੋਗੀ ਗੁਰੂ ਘਰ ਵਿਚ ਪ੍ਰਗਟ ਹੋਇਆ ਹੈ, ਜਿਸ ਨੂੰ ਲੇਪ ਛੇਪ ਕੋਈ ਨਹੀਂ।

ਤੀਜੀ ਝਾਕੀ ਕਈਆਂ ਸਾਲਾਂ ਪਿਛੋਂ ਸ੍ਰੀ ਅੰਮ੍ਰਿਤਸਰ ਦਰਬਾਰ ਦੀ ਪ੍ਰਕਰਮਾਂ ਵਿਚ ਇਸ ਵਿਅਕਤੀ ਦੀ ਹੋਈ, ਪਰ ਚੇਹਰਾ ਬੜਾ ਉਤ੍ਰਾਰੂ ਸੀ, ਰੰਗ ਰੂਪ ਭੀ ਅਗੇ ਵਰਗਾ ਨਹੀਂ ਸੀ, ਚੇਹਰੇ ਉਤੇ ਉਦਾਸੀਨਤਾ ਛਾਈ ਹੋਈ ਸੀ। ਵਾਕਫ਼ਕਾਰਾਂ ਪਾਸੋਂ ਪੁਛਣ ਤੇ ਪਤਾ ਲਗਾ ਕਿ ਇਨ੍ਹਾਂ ਉਪਰ ਕਿਸੇ ਦੋਖੀ ਨੇ ਅਣਹੋਈ ਊਜ ਲਾਈ ਹੈ, ਇਸ ਕਰਕੇ ਇਹ ਗਮਗੀਨ ਹਨ । ਬਸ, ਇਤਨਾ ਕਹਿ ਕੇ ਮੈਂ ਇਨ੍ਹਾਂ ਪਾਸੋਂ ਚਲਦਾ ਹੋਇਆ ਕਿ :—

ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥੫॥

ਸਿਰੀਰਾਗ ਕੀ ਵਾਰ, ਪੰਨਾ ੮੪

ਤਦ ਪਸਚਾਤ ਬਹੁਤ ਚਿਰੋਕਣੇ ਦਰਸ਼ਨ ਹੋਏ।

**ਚੌਥੀ ਵਾਰ ਦਾ ਮਿਲਾਪ –**

ਮਈ ੧੯੩੦ ਦਾ ਜ਼ਿਕਰ ਹੈ ਕਿ ਮੈਂ ਨਾਗਪੁਰ ਜੇਲ੍ਹ ਤੋਂ ਰਿਹਾ ਹੋਣ ਲਈ ਲਾਹੌਰ ਜੇਲ੍ਹ ਨੂੰ ਆ ਰਿਹਾ ਸੀ ਕਿ ਅਟਾਰਸੀ ਸਟੇਸ਼ਨ ਪਰ ਜਦੋਂ ਮੈਂ ਹਦਵਾਣੇ ਖ਼ਰੀਦਣ ਲਈ ਪਲੇਟ ਫ਼ਾਰਮ ਪਰ ਗੱਡੀ ਵਿਚੋਂ ਉਤਰਿਆ, ਮੈਨੂੰ ਓਦੋਂ ਹੀ ਪਤਾ ਲੱਗਾ ਕਿ ਮੈਨੂੰ ਘੁਟ ਕੇ ਜੱਫੀ ਪਾਈ ਹੋਈ ਹੈ, ਬੜੀ ਹੀ ਪਿਆਰ ਮਲ੍ਹਾਰ ਭਰੀ ਜੱਫੀ ਹੈ। ਜਦੋਂ ਮੈਂ ਜਫੀ ਪਾਉਣਹਾਰੇ ਗੁਰਮੁਖ ਜਨ ਨੂੰ ਪੇਖਿਆ ਤਾਂ ਇਕ ਚਿੱਟੇ ਦਾੜ੍ਹੇ ਵਾਲਾ ਗੁਰਮੁਖ ਅਕਾਲੀ ਬਾਣੇ ਵਿਚ ਮੈਨੂੰ ਐਸੀ ਜਿਕੜ ਨਾਲ ਚਿਮੜਿਆ ਹੋਇਆ ਹੈ ਕਿ ਛਡੇ ਨ। ਮੈਂ ਆਖਿਆ, "ਬੋਲੋ ਤਾਂ ਸਹੀ"। ਜਦ ਬੋਲੇ ਤਾਂ ਝਟ ਪਛਾਣ ਆ ਗਈ ਕਿ ਇਹ ਓਹੀ ਅਕਾਲੀ ਕੌਰ ਸਿੰਘ ਹਨ, ਜਿਨ੍ਹਾਂ ਨੇ ਸਾਲਾਂ ਬੱਧੀ ਮਿਲਣ ਦੀ ਤੜਪ ਪਾਈ ਰਖੀ ਹੈ। ਬਸ, ਫੇਰ ਕੀ ਸੀ, ਫੇਰ ਤਾਂ ਘਿਉ ਖਿਚੜੀ ਹੋ ਗਏ। ਬਹੁਤ ਬਚਨ ਬਿਲਾਸ ਹੋਏ। ਦਿੱਲੀ ਤਕ ਇਕੱਠੇ ਹੀ ਸਫ਼ਰ ਕਰਦੇ ਆਏ। ਇਹ ਸਾਰੀ ਗੱਲ ਬਾਤ ਦਾਸ ਨੇ ਜੇਲ੍ਹ ਚਿੱਠੀਆਂ ਵਿਚ ਲਿਖੀ ਹੈ। (ਦੇਖੋ ਜੇਲ੍ਹ ਚਿੱਠੀਆਂ)

**ਚਕਾਰ 'ਕਸ਼ਮੀਰ' ਜਾਣਾ –**

ਅਸੀਂ ਰਿਹਾ ਹੋ ਕੇ ਘਰ ਆ ਗਏ । ਕੁਝ ਸਾਲਾਂ ਬਾਅਦ ਸਾਨੂੰ ਚਕ੍ਹਾਰ ਤੋਂ ਇਕ ਸੱਦ ਆਈ ਕਿ 'ਆਓ ਕਸ਼ਮੀਰ ਫੇਰੀ ਪਾਓ' । ਸੱਦਾ ਪੱਤਰ ਪਰ ਇੰਨ ਬਿੰਨ ਇਹ ਤੁਕ ਗੁਰਵਾਕ ਦੀ ਅੰਕਤ ਸੀ—

ਆਇ ਬਸਹੁ ਘਰ ਦੇਸ ਮਹਿ
ਇਹ ਭਲੇ ਸੰਜੋਗ ॥੨॥੧੦॥੨੮॥

ਬਿਲਾਵਲੁ ਮ: ੫, ਪੰਨਾ ੮੦੭

ਗੱਲ ਕੀ, ਸਾਡੀ ਫੇਰੀ ਕਸ਼ਮੀਰ ਵਿਚ ਇਸ



www.AKJ.Org

ਪਿਆਰੇ ਅਕਾਲੀ ਕੌਰ ਸਿੰਘ ਦੇ ਤੁਫੈਲ ਪਈ। ਜਿਸ ਭਾਵ ਨਾਲ ਅਕਾਲੀ ਜੀ ਨੇ ਸਾਨੂੰ ਬੁਲਾਇਆ, ਜਿਸ ਪਿਆਰ ਨਾਲ ਮਹੀਨਾ ਤਕ ਆਪਣੇ ਆਸ਼੍ਰਮ ਚਕਾਰ ਵਿਚ ਸਾਨੂੰ (ਜਥੇ) ਨੂੰ ਏਹਨਾਂ ਨੇ ਰਖਿਆ, ਉਹ ਅਕਥਨੀਯ ਹੈ । ਉਸ ਚਕਾਰ ਆਸ਼੍ਰਮ ਦੀ ਸਿਖਰਲੀ ਗੈਲਰੀ ਵਿਚਿ ਬਿਠਾ ਕੇ ਇਸ ਦਾਸ ਪਾਸੋਂ ਸਤਿਗੁਰੂ ਨੇ 'ਅਨਹਦ ਸ਼ਬਦ ਦਸਮ ਦੁਆਰ' ਪੁਸਤਕ ਲਿਖਣ ਦੀ ਸੇਵਾ ਲਈ। ਤੇ ਆਪਣੀ ਰਚਿਤ ਗੁਰਬਾਣੀ ਦਾ ਤਤਕਰਾ ਭੀ ਅਕਾਲੀ ਜੀ ਨੇ ਏਥੇ ਹੀ ਸਾਨੂੰ ਅਤਾ (ਭੇਟ) ਕੀਤਾ।

## ਚਕਾਰ ਦੇ ਆਤਮ-ਰੰਗ ਉਪਜਾਊ ਨਜ਼ਾਰੇ –

ਚਕਾਰ ਆਸ਼੍ਰਮ ਦੀ ਚੋਟੀ ਉਤੇ ਰਾਤ ਦਿਨ ਉਹ ਆਤਮ ਆਨੰਦ ਮਾਣਿਆ, ਜੋ ਵਰਨਿਆ ਨਹੀਂ ਜਾ ਸਕਦਾ । ਚਾਰ ਚੁਫੇਰੇ ਅਧਿਭੁਤ ਨਜ਼ਾਰੇ, ਇਰਦ ਗਿਰਦ ਦੀਆਂ ਪਹਾੜੀਆਂ ਦੇ ਦਿਲ-ਖਿਚਵੇਂ ਦ੍ਰਿਸ਼, ਠੰਡੀਆਂ ਮਿਠੀਆਂ ਪਉਣਾਂ ਦੇ ਵੇਗ ਅਭਿਆਸ ਲਿਵਤਾਰਨੀ ਸੁਰਤੀ ਨੂੰ ਉਡਾਈ ਲਈ ਜਾਂਦੀਆਂ ਸਨ। 'ਅਨਹਦ ਸ਼ਬਦ ਦਸਮ ਦੁਆਰ' ਨਾਮੇ ਪੁਸਤਕ ਲਿਖਣ ਦਾ ਇਹ ਬੜਾ ਹੀ ਭਲਾ ਸਮਾਂ ਸੁਆਉ ਜੁੜਿਆ ਹੋਣ ਕਰਕੇ ਨਿਰੋਲ ਨਾਮ ਅਭਿਆਸ ਵਿਚ ਜੁਟੇ ਰਹਿਣਾ । ਆਬਸ਼ਾਰਾ [ਪਾਣੀ ਦੇ ਝਰਨਿਆਂ] ਦੀ ਇਕ ਤਾਰ ਘਨਘੋਰਾਂ ਗਮਕ ਸੁਰਤੀ ਜੋੜਨ ਵਿਚ ਬੜੀਆਂ ਹੀ ਸਹਾਈ ਹੁੰਦੀਆਂ ਸਨ। ਇਹਨਾਂ ਸ਼ੁਭ ਪ੍ਰਮਾਰਥੀ ਗੁੰਜਾਉਂਦੀਆਂ ਬਰਕਤਾਂ ਨੂੰ ਮਾਣਿ ਮਾਣਿ ਸ੍ਰੀ ਅਕਾਲੀ ਕੌਰ ਸਿੰਘ ਜੀ ਨੂੰ ਉਦੋਂ ਭੀ ਆਮੁਹਾਰੀਆਂ ਅਸੀਸਾਂ ਅੰਦਰੋਂ ਨਿਕਲਦੀਆਂ ਸਨ। ਅਤੇ ਹੁਣ ਭੀ ਉਹ ਅਨੰਦ ਸਮੇਂ ਯਾਦ ਕਰਿ ਕਰਿ ਉਨ੍ਹਾਂ ਨੂੰ ਅਸੀਸਾਂ ਦੇਈਦੀਆਂ ਹਨ । ਪਰਮ ਉਦਾਰਤਾ ਪ੍ਰਾਇਣ ਹੋਇ ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਨੂੰ ਕਲਿਆਣ ਸਰ ਦੀ ਦਰਸ਼ਨ-ਯਾਤਰਾ ਕਰਾਈ, ਜੋ ਚਕਾਰ ਤੋਂ ਸਤ ਅਠ ਮੀਲ ਦੇ ਫ਼ਾਸਲੇ ਪਰ ਸੀ । ਲਗ ਪਗ ਪਧਰ ਤੇ ਹੀ ਇਹ ਮਕਾਨ ਅਸਥਾਨ ਬਣਿਆ ਸੀ, ਪਰ ਜੰਗ੍ਹਾ ਬੜੀ ਰਮਣੀਕ ਸੀ।

ਉਥੋਂ ਮੁੜਨ ਨੂੰ ਜੀਅ ਨਾ ਕਰੇ । ਅਸਾਡੀ ਰੁਚੀ ਦੇਖ ਕੇ ਸ੍ਰੀ ਅਕਾਲੀ ਜੀ ਨੇ ਉਥੇ ਅਸਾਡੇ ਵਿਸਰਾਮ ਲਈ ਤੰਬੂ ਕਨਾਤਾਂ ਮੰਗਾਉਣੀਆਂ ਤੇ ਲਾਉਣੀਆਂ ਮਿਥ ਲਈਆਂ । ਬੜੇ ਹੀ ਖਹਿੜੇ ਪਏ, ਪਰ ਸਾਥੋਂ ਇਤਨੀਆਂ ਖੇਚਲਾਂ ਕਦੋਂ ਝਲੀਆਂ ਜਾਂਦੀਆਂ ਸਨ।

ਅਕਾਲੀ ਜੀ ਨੇ ਅਗੇ ਹੀ ਸਾਡੀ ਖ਼ਾਤਰ ਬਥੇਰੀਆਂ ਘਾਲਾਂ ਘਾਲੀਆਂ ਸਨ । ਅਧਿਕ ਝਾਲਾਂ ਹੁਣ ਕੌਣ ਝੱਲੇ, ਮਸਾਂ ਮਸਾਂ ਉਨ੍ਹਾਂ ਨੂੰ ਮਿੰਨਤ ਕਰ ਕੇ ਇਹ ਕਹਿ ਕੇ ਮੁੜਨ ਲਈ ਮਨਾਇਆ ਕਿ ਔਖੇ ਸੌਖੇ ਇਕ ਰਾਤ ਏਥੇ ਕਟ ਕੇ ਸਵੇਰੇ ਹੀ ਚਕਾਰ ਨੂੰ ਮੁੜ ਪਵਾਂਗੇ । ਕਲਿਆਣ ਸਰ ਦਾ ਸੋਮਾ ਇਕ ਵਡਾ ਜ਼ਮੀਨ ਵਿਚੋਂ ਸਫੁਟ ਹੁੰਦਾ ਸੀ। ਉਸ ਦੀ ਜਲ-ਧਾਰਾ ਹਰ ਮੌਸਮ ਵਿਚ ਮੋਟੇ ਪੱਟ ਜੇਡੀ ਮੋਟੀ ਵਹਿੰਦੀ ਰਹਿੰਦੀ ਸੀ। ਪਾਸ ਹੀ ਇਕ ਕਚੀਆਂ ਦੀਵਾਰਾਂ ਦਾ ਛੋਟਾ ਜਿਹਾ ਗੁਰਦੁਆਰਾ ਸੀ, ਜਿਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਪ੍ਰਕਾਸ਼ ਰਹਿੰਦੇ ਸਨ । ਪਰ ਸਾਰੀ ਧਰਤੀ ਸੈਲਾਬੀ ਸੀ, ਸਿਲ ਸਿਲ ਕਰਦੀ ਰਹਿੰਦੀ ਸੀ, ਉਥੇ ਦਿਨੇ ਭੀ ਕੋਈ ਭੂਮ-ਆਸਣ ਨਹੀਂ ਸੌਂ ਸਕਦਾ ਸੀ। ਰਾਤ ਨੂੰ ਤਾਂ ਕਿਸੇ ਨੇ ਕੀ ਰਹਿ ਸਕਣਾ ਸੀ। ਦਿਨ ਛਪਣ ਸਾਰ ਹੀ ਰੈਣ ਬਸੇਰੇ ਦਾ ਗੁਜ਼ਾਰਾ ਕਰਨ ਲਈ ਕਿਸੇ ਕੋਠੇ ਦਾ ਆਸਰਾ ਢੂੰਡਣਾ ਪਿਆ, ਲਾਗੇ ਹੀ ਫ਼ਰਲਾਂਗ ਉਤੇ ਇਕ ਕੋਠਾ ਪਸੰਦ ਆਇਆ, ਚਾਹੇ ਡਿਗਾ ਢੱਠਾ ਹੀ ਸੀ । ਉਸੇ ਨੂੰ ਰਾਤ ਕਟਣ ਲਈ ਸੰਬਰ ਸੁੰਬਰ ਕੇ ਸਵਾਰ ਲਿਆ। ਲਾਗਿਓਂ ਹੀ ਇਕ ਪਹਾੜੀਏ ਘਰਬਾਰੀਏ ਦੇ ਮਨ ਵਿਚ ਮੇਹਰ ਪਈ, ਤ੍ਰਿੰਨ ਚਾਰ ਮੰਜੇ ਸਾਡੇ ਲਈ ਲੈ ਆਇਆ। ਬਿਸਤਰੇ ਸਾਡੇ ਪਾਸ ਨਿਰਬਾਹ ਜੋਗੇ ਸਨ। ਦੋ ਦੋ ਜੁੜ ਕੇ ਪੈ ਰਹੇ। ਰਹਿੰਦੇ ਖੂੰਹਦੇ ਭੁੰਜੇ ਬਿਛਾਈ ਕਰਨ ਲਗੇ, ਪਰ ਭੁਖ ਸਾਨੂੰ ਸਾਰਿਆਂ ਨੂੰ ਲਾਗੀ ਹੋਈ ਸੀ । ਓਹੜ ਪੋਹੜ ਤੇ ਉਦਮ ਕਰ ਕੇ ਰੁਖੇ ਸੁਖੇ ਗਫੇ ਸਜਾਏ ਤੇ ਛਕੇ। ਤੇ ਉਹ ਆਨੰਦ ਮਾਣਿਆ ਜੋ ਕਦੇ ਨਾਨਾ ਪ੍ਰਕਾਰ ਦੇ ਭੋਜਨ ਬਿੰਜਨ ਛਕ ਕੇ ਭੀ ਨਹੀਂ ਮਾਣਿਆ ਹੋਣਾ।



www.AKJ.Org

"ਰੂਖੋ ਭੋਜਨੁ ਭੂਮਿ ਸੈਨ ਸਖੀ,
ਪ੍ਰਿਅ ਸੰਗਿ ਸੂਖਿ ਬਿਹਾਤ"*

ਵਾਲੀ ਵਰਤੋਂ ਪਰਤੱਖ ਵਰਤੀ। ਅੰਮ੍ਰਿਤ ਵੇਲੇ ਉਠ ਕੇ ਵਡੇ ਤੜਕੇ ਕਲਿਆਣ ਸਰ ਦੀ ਜਲਧਾਰਾ ਹੇਠ ਇਸ਼ਨਾਨ ਕੀਤਾ। ਜਲ ਇਤਨਾ ਠੰਡਾ ਸੀ ਕਿ ਮਸਾਂ ਅੱਧਾ ਮਿੰਟ ਹੀ ਜਲਧਾਰਾ ਹੇਠ ਬਹਿ ਸਕੀਦਾ ਸੀ। ਅਤੇ ਮੋਟੀ ਜਲਧਾਰਾ ਸੀ, ਜੋ ਸਹਾਰੀ ਨਹੀਂ ਜਾ ਸਕਦੀ ਸੀ। ਪਾਣੀ ਦੀ ਛੋਟੀ ਜਿਹੀ ਟੋਭੀ ਸੀ, ਜਿਸ ਵਿਚੋਂ ਜਲ ਸਫੁਟ ਹੁੰਦਾ ਸੀ। ਪਰ ਉਸ ਟੋਭੀ ਦੀ ਗਹਿਰਾਈ ਦੀ ਥਾਹ ਕੁਛ ਨਹੀਂ ਸੀ, ਜਿਸ ਕਰਕੇ ਉਸ ਵਿਚ ਵੜਨ ਦਾ ਉਦਮ ਕੋਈ ਨਹੀਂ ਕਰ ਸਕਦਾ ਸੀ। ਸ੍ਰੀ ਅਕਾਲੀ ਕੌਰ ਸਿੰਘ ਜੀ ਦਸਦੇ ਸਨ ਕਿ ਇਥੇ ਕਿਸੇ ਸਮੇਂ ਗੁਰੂ ਸਾਹਿਬ ਦੇ ਚਰਨ ਪਏ ਸਨ। ਇਸ ਸੰਬੰਧੀ ਉਨ੍ਹਾਂ ਬੜੀ ਲੰਬੀ ਚੌੜੀ ਇਤਿਹਾਸਕ ਵਾਰਤਾ ਸੁਣਾਈ ਸੀ, ਜੋ ਇਥੇ ਇਤਿਹਾਸ ਵਿਚ ਲਿਖਤਕਾਰ ਨਹੀਂ ਹੋਈ। ਪੁਰਾਣੇ ਬਜ਼ੁਰਗਾਂ ਦੇ ਸੀਨੇ ਬਸੀਨੇ ਚਲੀ ਆਉਣ ਕਰਕੇ ਇਹ ਇਤਿ-ਹਾਸਕ ਕਥਾ ਇਤਿਹਾਸ ਨਾਲੋਂ ਵੀ ਵਧ ਮੰਨਣ ਜੋਗ ਸੀ। ਇਸ਼ਨਾਨ ਕਰ ਕੇ ਬਾਣੀ ਦਾ ਪਾਠ ਕਰਦੇ ਹੀ ਅਸੀਂ ਵਾਪਸ ਚਕਾਰ ਨੂੰ ਤੁਰ ਪਏ। ਰਸਤਾ ਬੜਾ ਬਿਖੜਾ ਸੀ, ਪਰ ਚੌਹੀਂ ਪਾਸੀਂ ਨਜ਼ਾਰਾ ਬੜਾ ਹੀ ਦਿਲ-ਖਿਚਵਾਂ ਸੀ।

ਠਉਰ ਠਉਰ ਤੇ ਬੈਠ ਕੇ ਭਜਨ ਨੂੰ ਜੀਅ ਕਰਦਾ ਸੀ। ਮਸਾਂ ਤੀਜੇ ਪਹਿਰ ਤਕ ਮੁੜ ਚਕਾਰ ਪਹੁੰਚੇ। ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਸਾਡੀ ਸਹੂਲੀਅਤ ਲਈ ਖਚਰਾਂ ਦੀ ਸਵਾਰੀ ਦਾ ਪ੍ਰਬੰਧ ਕਰ ਛਡਿਆ ਸੀ, ਜਿਸ ਕਰਕੇ ਰਸਤੇ ਵਿਚ ਬਹੁਤਾ ਔਖ ਪ੍ਰਤੀਤ ਨਹੀਂ ਹੋਇਆ। ਨਾ ਹੀ ਅਟਕਾਰ ਨਜ਼ਾਰਿਆਂ ਦੀ ਭਰਮਾਰ ਨੇ ਪਾਈ। ਥਾਉਂ ਥਾਉਂ ਬੈਠ ਕੇ ਭਜਨ ਆਨੰਦ ਮਾਨਣ ਲਈ ਖਚਰਾਂ ਤੋਂ ਉਤਰਨਾ ਪੈਂਦਾ ਸੀ। ਅਤੇ ਮਖਮਲੀ ਘਾਹ ਉਤੇ ਲੇਟ ਕੇ ਵਾਉ ਭਖਣ ਦੇ ਉਮਾਹੇ ਉਠਦੇ ਸਨ।

"ਨਾਨਕ ਬੈਠਾ ਭਖੇ ਵਾਉ
ਲੰਮੇ ਸੇਵਹਿ ਦਰੁ ਖੜਾ॥"*

ਵਾਲੀ ਵਿਉਂਤ ਬਣ ਰਹੀ ਸੀ। ਉਥੇ ਤਾਂ ਖਲੋ ਕੇ, ਬੈਠ ਕੇ, ਲੰਮੇ ਪੈ ਕੇ, ਨਾਮ ਦਾ ਖੰਡਾ ਖੜਕਾਈ ਜਾਣ ਨੂੰ ਉਠਾਉ ਉਠ ਰਿਹਾ ਸੀ। ਓੜਕ ਅਤਿ ਸੁਹਾਵਣੀ ਜਾਈ ਬੈਠ ਕੇ ਮੈਥੋਂ ਫੇਰ ਉਠਿਆ ਨਾ ਗਿਆ। ਮਗਨ ਮਸਤ ਬੈਠੇ ਨੂੰ ਸਭ ਸਾਥੀ ਛੱਡ ਗਏ। ਇਕ ਪਿਆਰਾ ਡਾਕਟਰ ਬਸੰਤ ਸਿੰਘ (ਜੋ ਗੁਰਪੁਰੀ ਸਿਧਾਰ ਚੁਕਾ ਹੈ) ਸਾਡੇ ਪਾਸ ਹੀ ਡਟ ਗਿਆ। ਚਕਾਰ ਜ਼ਾਣ ਵਾਲੇ ਸਾਥੀਆਂ ਨੇ ਉਥੇ ਪੁਜ ਕੇ ਸਰਬਲੋਹ ਦੇ ਪਰਸ਼ਾਦੇ ਸਜਾਏ। ਛਕ ਛਕਾ ਕੇ ਸਾਨੂੰ ਭੀ ਗੁਫੇ ਭੇਜ ਦਿਤੇ, ਉਥੇ ਹੀ ਜਿਥੇ ਸਾਨੂੰ ਛਡ ਗਏ ਸੀ। ਇਕ ਪਰਉਪਕਾਰੀ ਸਜਣ ਭਾਈ ਨਰਾਇਣ ਸਿੰਘ ਆਪੇ ਹੀ ਏਧਰ ਆ ਪਹੁੰਚਿਆ। ਅਤੇ ਸਾਨੂੰ ਆ ਟੁੰਬ ਉਠਾਇਆ। ਜਦੋਂ ਇਸ ਪ੍ਰੇਮ-ਛਾਂਦਿਆਂ ਦੀ ਵਾਰਤਾ ਅਸੀਂ ਅਕਾਲੀ ਜੀ ਨੂੰ ਸੁਣਾਈ ਤਾਂ ਉਹ ਬੜੇ ਹੀ ਪ੍ਰਸੰਨ ਹੋਏ। ਰੈਣ ਸਬਾਈ ਦਾ ਸਾਰਾ ਸਮਾਚਾਰ ਸੁਣ ਕੇ ਤਾਂ ਗਦਗਦ ਹੋ ਗਏ। ਸਾਡਾ ਰੋਮ ਰੋਮ ਸ੍ਰੀ ਅਕਾਲੀ ਜੀ ਨੂੰ ਅਸੀਸਾਂ ਦੇਵੇ, ਜਿਨ੍ਹਾਂ ਦੀ ਕਿਰਪਾ ਨਾਲ ਇਹ ਅਨੰਦ ਅਸੀਂ ਮਾਣਿਆ। ਉਘੇ (ਪਰਗਟ) ਹੋ ਕੇ ਤਾਂ ਅਸੀਂ ਧੰਨਵਾਦ ਦਾ ਅਵਾਜ਼ਾ ਨ ਕਢਿ ਸਕੇ, ਕਿਉਂਕਿ ਇਸ ਨੂੰ ਸੁਣ ਕੇ ਅਕਾਲੀ ਜੀ ਨਾਰਾਜ਼ ਹੁੰਦੇ ਸਨ। ਆਪਣੀ ਤਾਰੀਫ਼ ਆਪਣੇ ਕੰਨੀਂ ਸੁਣਨੀ ਉਨ੍ਹਾਂ ਲਈ ਅਤੀ ਹੀ ਦੁਖਦਾਈ ਸੀ।

**ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤ੍ਰਾ—**

ਸ੍ਰੀ ਅਕਾਲੀ ਕੌਰ ਸਿੰਘ ਜੀ ਨੇ ਅਸਾਡੀ ਯਾਤਰਾ-ਗਮਨੀ ਰੁਚੀ ਨੂੰ ਬੁਝ ਕੇ ਫੇਰ ਸਾਨੂੰ ਉਭਾਰਿਆ ਕਿ ਚਲੋ ਤੁਹਾਨੂੰ ਕਸ਼ਮੀਰ ਦੇ ਹੋਰ ਗੁਰਦੁਆਰਿਆਂ ਦੀ ਯਾਤਰਾ ਕਰਵਾਈਏ। ਖਾਸ ਕਰ ਜਿਥੇ ਜਿਥੇ ਗੁਰੂ ਸਾਹਿਬ ਦੇ ਚਰਨ ਪਏ ਸਨ, ਉਥੇ ਉਥੇ ਲੈ ਕੇ ਤਾਂ ਸਾਨੂੰ ਜ਼ਰੂਰ ਗਏ। ਇਹਨਾਂ ਗੁਰਦੁਆਰਿਆਂ ਦੀ

* ਕਾਨੜਾ ਮ: ੫, ੨॥੩॥੪੨, ਪੰਨਾ ੧੩੦੬

* ਮਾਰੂ ਵਾਰ ਡਖਣੇ ਮ: ੫, ॥੨॥(੪) ਪੰਨਾ ੧੦੯੫



www.AKJ.Org

ਯਾਤਰਾ ਸਬੰਧੀ ਬਿਰਤਾਂਤ ਵਰਨਣ ਕਰਨ ਹਿਤ ਤਾਂ ਇਕ ਪੁਸਤਕ ਚਾਹੀਏ, ਪਰ ਅਸੀਂ ਸੰਖੇਪ ਮਾਤਰ ਹੀ ਸ੍ਰੀ ਅਕਾਲੀ ਜੀ ਦੇ ਇਹ ਉਪਕਾਰ ਵਰਨਣ ਕਰਦੇ ਰਹੇ। ਚਕੇਰੀ ਊੜੀ ਆਦਿਕ ਗੁਰ-ਅਸਥਾਨਾਂ ਦੀ ਯਾਤਰਾ ਕਰਵਾਉਂਦੇ ਹੋਏ ਅਕਾਲੀ ਜੀ ਸਾਨੂੰ ਬਾਰਾਂਮੂਲੇ ਲੈ ਗਏ। ਦਰਿਆ ਜੇਹਲਮ ਦੇ ਕਿਨਾਰੇ ਇਹ ਗੁਰਦੁਆਰਾ ਛੇਵੀਂ ਪਾਤਸ਼ਾਹੀ ਦਾ ਸਜਿਆ ਹੋਇਆ। ਮੰਜੀ ਅਸਥਾਨ ਦੀ ਪਵਿਤਰ ਧੂੜੀ ਬਾਛ ਕੇ ਇਸ ਸਬੰਧੀ ਬਣੇ ਦਰਬਾਰ ਦੇ ਨਾਲ ਲਗਦੇ ਮਕਾਨ ਭੀ ਦਿਖਾਏ। ਹੋਰ ਸਜਣਾਂ ਲਈ ਤਾਂ ਵਖਰਾ ਉਤਾਰਾ ਦੇ ਦਿਤਾ, ਦਾਸ ਲਈ ਦਰਿਆ ਦੇ ਵਿਚਕਾਰ ਲਕੜੀ ਦਾ ਬਣਿਆ ਹੋਇਆ ਭਜਨ-ਬੁੰਗਾ ਅਰਪਨ ਕਰਵਾ ਦਿਤਾ, ਜੋ ਕਦੇ ਸ੍ਰੀ ਸੰਤ ਅਤਰ ਸਿੰਘ ਜੀ ਦੇ ਨਮਿਤ ਬਣਵਾਇਆ ਗਿਆ ਸੀ। ਉਥੇ ਸਾਡਾ ਸੰਕਲਪ ਕੁਝ ਦਿਨ ਠਹਿਰਨ ਦਾ ਬਣ ਗਿਆ। ਕਈ ਉਘੇ ਸਿਖ ਸਰਦਾਰਾਂ ਦੇ ਉਥੇ ਦਰਸ਼ਨ ਹੋਏ। ਨਿਤਪ੍ਰਤਿ ਮੰਜੀ ਸਾਹਿਬ ਦੀ ਹਜ਼ੂਰੀ ਦਾ ਆਨੰਦ ਮਾਣਦੇ ਰਹੇ। ਸ਼ਬਦ ਭੇਟਾ ਕਰਿ ਕਰਿ ਅਦੁਤੀ ਅਨੰਦ ਆਵੇ। ਉਥੋਂ ਅਕਾਲੀ ਕੌਰ ਸਿੰਘ ਜੀ ਸਾਨੂੰ ਸ੍ਰੀ ਨਗਰ ਕਸ਼ਮੀਰ ਲੈ ਗਏ। ਛੇਵੀਂ ਪਾਤਸ਼ਾਹੀ ਦੇ ਗੁਰਦੁਆਰੇ ਦੀ ਆਲੀਸ਼ਾਨ ਇਮਾਰਤ ਦਿਖਾਈ। ਅਕਸਰ ਸੰਗਤਾਂ ਤੇ ਆਏ ਗਏ ਮੁਸਾਫਰ ਉਥੇ ਹੀ ਨਿਵਾਸ ਰਖਿਆ ਕਰਦੇ ਸਨ। ਪਰ ਅਸਾਡਾ ਗਹਿਣ ਗਠ ਵਿਚ ਰਹਿਣ ਨੂੰ ਜੀਅ ਨਾ ਕਰੇ। ਸ੍ਰੀ ਅਕਾਲੀ ਜੀ ਅਗੇ ਹੀ ਸਾਡੇ ਦਿਲ ਦੀ ਗੱਲ ਬੁਝਦੇ ਸਨ। ਉਨ੍ਹਾਂ ਨੇ ਸਾਡੀ ਰਿਹਾਇਸ਼ ਦਾ ਪ੍ਰਬੰਧ ਹੋਰ ਥਾਂ ਕਰ ਛਡਿਆ ਸੀ।। ਉਨ੍ਹਾਂ ਦੀ ਪਰਉਪਕਾਰੀ ਉਦਾਰਤਾ ਦੇ ਤੁਫੈਲ ਸਾਨੂੰ ਉਥੇ ਇਕ ਚਮਤਕਾਰੀ ਦਰਸ਼ਨ ਮੇਲੇ ਹੋਏ ਇਕ ਸਿਖ ਪਰਵਾਰ ਦੇ। ਇਸ ਚਮਤਕਾਰਕ ਦਰਸ਼ਨ ਦਾ ਮੋਘਾ ਖੁਲ੍ਹਣ ਦਾ ਪੂਰਬ ਅੰਕੂਰੀ ਸਮਾਂ ਠੀਕ ਆਣ ਢੁਕਿਆ ਸੀ, ਅਤੇ ਖੁਲ੍ਹਣਾ ਲਿਖਿਆ ਹੋਇਆ ਸੀ।ਉਪਕਾਰੀ ਵੀਰ ਸ੍ਰੀਮਾਨ ਕੌਰ ਸਿੰਘਜੀ ਦੀ ਬਰਕਤ ਫ਼ੈਜ਼ ਦਾ ਇਕ ਨਵਾਂ ਚਿਠਾ ਏਥੋਂ ਚਲਦਾ ਹੈ, ਜਿਸ ਨੂੰ ਏਥੇ ਹੀ ਠਪਣਾ ਚੰਗਾ ਹੈ, ਨਹੀਂ ਤਾ ਇਸ ਲੇਖ ਦਾ ਬਹੁਤ ਵਿਸਥਾਰ ਵਧ ਜਾਏਗਾ।

ਇਹ ਚਮਤਕਾਰਕ ਮਿਲਾਪ ਬਣਾਉ ਲਿਖਤ-ਕਾਰਕ ਸੀ, ਜੋ ਸਮੇਂ ਦੀ ਚਾਦਰ ਨੇ ਐਸਾ ਲਪੇਟਿਆ ਕਿ ਮੁੜ ਸੰਜੋਗ ਜੁੜਨ ਦੀ ਆਸ ਨਹੀਂ। ਨਾ ਹੀ ਜੋਗ ਸੰਜੋਗੀ ਅਕਾਲੀ ਕੌਰ ਸਿੰਘ ਜੀ ਨੇ ਮੁੜ ਕੇ ਆਉਣਾ ਹੈ ਤੇ ਨਾ ਹੀ ਇਹ ਸੰਜੋਗ ਫੇਰ ਜੁੜਨਾ ਹੈ। ਏਥੇ ਸ੍ਰੀ ਨਗਰ ਅਸੀਂ ਸਾਲਾਂ ਬੱਧੀ ਆਉਂਦੇ ਰਹੇ ਤੇ ਫੇਰੀਆਂ ਮਾਰਦੇ ਰਹੇ।

ਓੜਕ ਉਹ ਸਮਾਂ ਆ ਗਿਆ ਕਿ ਸਾਡਾ ਦੋਹਾਂ ਦਾ ਕਿਸੇ ਗੁਰਮਤਿ ਨੁਕਤੇ ਉਤੇ ਮਤਭੇਦ ਹੋ ਗਿਆ ਅਤੇ ਐਸਾ ਹੋਇਆ ਕਿ ਰੰਜਸ਼ ਤਾਈਂ ਨੌਬਤ ਅਪੜ ਗਈ। ਇਤਨਾ ਹੁੰਦਿਆਂ ਹੋਇਆਂ ਭੀ ਮੈਂਡੇ ਅੰਦਰ-ਖ਼ਾਨਿਓਂ ਸ੍ਰੀ ਅਕਾਲੀ ਜੀ ਦੀ ਹਸਤੀ ਦਾ ਪਿਆਰ ਸਤਿਕਾਰ ਨਹੀਂ ਗਿਆ। ਭਾਵੇਂ ਹਰ ਇਕ ਕਸ਼ਮੀਰ-ਫੇਰੀ ਤੇ ਪਰਸਪਰ ਦਰਸ਼ਨ ਹੋਣੇ ਭੀ ਹਟ ਗਏ। ਪਰ ਅੰਦਰਲੀ ਪ੍ਰੀਤ ਨਹੀਂ ਟੁਟੀ।

ਫੇਰ ਛੇਕੜਲੀ ਦਰਸ਼ਨ-ਮਿਲਾਉਣੀ ਤਾਂ ਅਕਾਲੀ ਜੀ ਦੀ ਓਦੋਂ ਹੀ ਹੋਈ ਜਦੋਂ ਉਨ੍ਹਾ ਦੇ ਆਸ਼ਰਮੀ ਆਲ੍ਹਣੇ ਉਥੋਂ ਦੇ ਜਰਵਾਣਿਆਂ ਨੇ ਉਜਾੜ ਕੇ ਮਿਸ-ਮਾਰ ਕਰ ਦਿਤੇ ਸਨ। ਜਦੋਂ ਇਹ ਸੋਆਂ ਸੁਣੀਆਂ ਕਿ ਚਕਾਰ ਆਸ਼੍ਰਮ ਨੂੰ ਗਾਰਤ ਕਰਨ ਦੀ ਗਾਰਤ-ਗਰਾਂ ਨੇ ਹਦ ਮੁਕਾ ਦਿਤੀ ਅਤੇ ਆਸ਼੍ਰਮ ਨਿਵਾਸੀ ਸਭ ਵਿਦਿਆਰਥੀ ਤੇ ਅਧਿਆਪਕ ਕਤਲ ਕੀਤੇ ਗਏ ਹਨ। ਪਰ ਇਹ ਪਤਾ ਨ ਚਲਿਆ ਕਿ ਅਕਾਲੀ ਕੌਰ ਸਿੰਘ ਜੀ ਦਾ ਕੀ ਹਸ਼ਰ ਹੋਇਆ। ਅਚਾਨਕ ਇਕ ਦਿਨ ਅਕਾਲੀ ਕੌਰ ਸਿੰਘ ਜੀ ਪੰਜਾਬ ਵਿਚ ਫਿਰਦੇ ਤੇ ਬਿਚਰਦੇ ਬਿਚਰਦੇ ਆਣ ਨਮੂਦਾਰ ਹੋਏ। ਦੇਖ ਕੇ ਮੇਰੀਆਂ ਭੁਬਾਂ ਨਿਕਲ ਗਈਆਂ ਅਤੇ ਉਨ੍ਹਾਂ ਦੀ ਜ਼ਬਾਨੀ ਸਾਰਾ ਹਾਲ ਸੁਣ ਕੇ ਚਿਤ ਨੂੰ ਬੜਾ ਹੀ ਖੇਦ ਪਹੁੰਚਿਆ, ਪਰ ਸ਼ੁਕਰ ਕੀਤਾ ਕਿ ਅਕਾਲੀ ਕੌਰ ਸਿੰਘ ਜੀ ਉਸ ਫੇਟ ਵਿਚ ਨਹੀਂ ਆਏ।

ਕਾਲ ਦੇ ਅਕਾਲ ਚਕਰ ਅੰਦਰ ਅੱਜ ਉਨ੍ਹਾਂ ਦੀ ਇਸ ਅਥਾਹ ਸੰਸਾਰ ਤੋਂ ਕੂਚ ਕਰ ਜਾਣਾ ਬੜਾ ਹਾ ਦੁਖਦਾਈ ਹੈ, ਪਰ ਇਹ ਜਾਣ ਕੇ ਕਿ ਉਹ ਆਪਣੀ



www.AKJ.Org

ਪੂਰੀ ਨਿਬਾਹ ਗਏ, ਚਿਤ ਬੜਾ ਹੀ ਤਸਕੀਨ ਅੰਦਰਿ ਹੈ। ਚਲਿਆ ਤਾਂ ਸਭ ਨੇ ਜਾਣਾ ਹੀ ਹੈ, ਪਰ ਸ੍ਰੀ ਅਕਾਲੀ ਕੌਰ ਸਿੰਘ ਜੀ ਵਰਗੇ ਗੁਰਮੁਖਾਂ ਦੇ ਚਲਾਣੇ ਬੜੇ ਹੀ ਕਉਤਕਹਾਰ ਹਨ।

ਮੈਥੋਂ ਸਤਿਗੁਰ ਨੇ ਜਿਤਨੀਆਂ ਪੁਸਤਕਾਂ ਲਿਖਾਉਣ ਦੀ ਸੇਵਾ ਲਈ ਹੈ, ਉਨ੍ਹਾਂ ਦੇ ਲਿਖਦਿਆਂ ਹੋਇਆਂ ਗੁਰਬਾਣੀ ਦੇ ਪ੍ਰਮਾਣ ਅੰਕਤ ਕਰਨ ਲਈ ਜੋ ਸੁਗਮਤਾ ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਤਤਕਰਾ ਦਿੰਦਾ ਰਿਹਾ ਹੈ, ਉਹ ਅਦੁਤੀ ਯਾਦਗਾਰ ਉਨ੍ਹਾਂ ਦੇ ਉਪਕਾਰ ਦੀ ਹੈ, ਜੋ ਖਿਨ ਖਿਨ ਉਨ੍ਹਾਂ ਦੀ ਯਾਦ ਤਾਜ਼ਾ ਕਰਾਉਂਦਾ ਰਿਹਾ ਤੇ ਕਰਾਉਂਦਾ ਰਹੇਗਾ। ਕਸ਼ਮੀਰ ਦੇ ਪ੍ਰੇਮੀਆਂ ਫ਼ੋਟੋ-ਗਰਾਫਰਾਂ ਨੇ ਮੇਰੀ ਤੇ ਉਨ੍ਹਾਂ ਦੀ ਫ਼ੋਟੋ ਇਕੱਠੀ ਲਈ ਸੀ, ਜੋ ਹੁਣ ਤਾਈਂ ਮੇਰੇ ਪਾਸ ਮੌਜੂਦ ਹੈ। ਜੇਲ੍ਹ ਯਾਤਰਾ ਤੋਂ ਵਾਪਸ ਆ ਕੇ ਸ੍ਰੀ ਅਕਾਲੀ ਜੀ ਦੇ ਦਰਸ਼ਨ ਉਨ੍ਹਾਂ ਸਮਿਆਂ ਤੇ ਭੀ ਹੁੰਦੇ ਰਹੇ, ਜਦੋਂ ਪੰਥ ਗੁਰੂ ਦੇ ਹੁਕਮ ਅਨੁਸਾਰ ਇਤਿਹਾਸਕ ਇਮਾਰਤਾਂ ਦੇ ਬੁਨਿਆਦੀ ਪੱਥਰ ਰਖਣ ਸਮੇਂ ਪੰਜਾਂ ਪਿਆਰਿਆਂ ਵਿਚ ਮੇਰੇ ਸੰਗ ਸਾਥ ਉਨ੍ਹਾਂ ਨੂੰ ਭੀ ਸ਼ਾਮਲ ਕੀਤਾ ਗਿਆ ਸੀ।

'ਸ੍ਰੀ ਅਕਾਲੀ ਕੌਰ ਸਿੰਘ ਜੀ ਦਾ ਗੁਰਮਤਿ ਰਹਿਜਾਨ ਮੁਢ ਤੋਂ ਹੀਂ ਉਪਕਾਰ ਕਮਾਵਣ ਵਾਲਾ ਸੀ। ਦਖਣ ਵਿਚ ਸ੍ਰੀ ਹਜ਼ੂਰ ਸਾਹਿਬ ਵਿਚ ਤਕੜਾ ਚਿਰ ਰਹਿਣ ਕਰਕੇ ਨਿਹੰਗਾਂ ਸਿੰਘਾਂ ਵਾਲੇ ਸੰਸਕਾਰ ਉਨ੍ਹਾਂ ਵਿਚ ਬੜੀ ਬਹੁਲਤਾ ਨਾਲ ਪ੍ਰਵੇਸ਼ ਆਣ ਹੋਏ ਸਨ। ਪਰ ਮੁੜ ਪੰਜਾਬ ਆਏ ਸਿੰਘ ਸਭਾ ਨਾਲ ਮੇਲ ਜੋਲ ਹੋਣ ਕਰਕੇ ਨਿਹੰਗਾਂ ਸਿੰਘਾਂ ਦੇ ਸੰਸਕਾਰਾਂ ਤੋਂ ਮੋੜਾ ਖਾ ਗਏ ਸਨ। ਪਰ ਇਕ ਦੋ ਅਸੂਲ ਉਨ੍ਹਾਂ ਦੇ ਅੰਦਰ ਨਿਹੰਗਾਂ ਸਿੰਘਾਂ ਵਾਲੇ ਘਰ ਕਰ ਗਏ ਸਨ। ਬਹੁਤ ਹਦ ਤਕ ਉਹ ਆਪਣੇ ਨਿਜ ਬਣੇ ਖ਼ਿਆਲਾਂ ਦੇ ਭੀ ਮਾਲਕ ਸਨ। "ਇਕ ਓਅੰਕਾਰ" ਨੂੰ ਉਹ ਹਮੇਸ਼ਾ ਏਕੀ ਓਅੰਕਾਰ ਕਰਕੇ ਪੜ੍ਹਦੇ ਰਹੇ। ਉਨ੍ਹਾਂ ਨਾਲ ਬਥੇਰੀ ਵਿਚਾਰ ਭੀ ਹੋਈ, ਪਰ ਉਹ ਉਸੇ ਤਰ੍ਹਾਂ ਹੀ ਕਾਇਮ ਰਹੇ। ਉਹਨਾਂ ਤਫ਼ੱਰਕਿਆਂ (ਮਤਿ ਭੇਦਾਂ) ਨੂੰ ਛਡ ਕੇ ਉਨ੍ਹਾਂ ਦਾ ਹੋਰ ਅਲੌਕਿਕ ਗੁਰਮਤਿ ਗੁਣਾਂ ਦਾ ਅਸਾਡੇ ਅੰਦਰ ਬੜਾ ਹੀ ਪਿਆਰ ਸਤਿਕਾਰ ਹੈ, ਤੇ ਸਦਾ ਰਹੇਗਾ। ਮੈਥੋਂ ਚਾਰ ਸਾਲ ਆਯੂ ਵਿਚ ਛੋਟੇ ਸਨ, ਪਰ ਪਹਿਲਾਂ ਹੀ ਪਧਾਰ ਗਏ। ਅਸਾਡੀ ਵਾਰੀ ਆਉਣ ਹੀ ਨਹੀਂ ਦਿੱਤੀ।

"ਵਾਰੀ ਆਪੋ ਆਪਣੀ ਕੋਇ ਨ ਬੰਧੈ ਧੀਰ* ॥" ਦੇ ਗੁਰਵਾਕ ਅਨੁਸਾਰ ਅਸਾਡਾ ਪਰਲੋਕ-ਗਮਨ ਦਾ ਸਦੜਾ ਨੇੜੇ ਹੀ ਆਇਆ ਖੜਾ ਹੈ।

"ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥
ਨਾਨਕ ਧੰਨੁ ਸੁਹਾਗਣੀ ਜਿਨ ਸਹ ਨਾਲਿ ਪਿਆਰੁ ॥੪॥੨੩॥

ਸਿਰੀਰਾਗੁ ਮ: ੫, ਪੰਨਾ ੫੦-੫੧

ਸ੍ਰੀ ਅਕਾਲੀ ਕੌਰ ਸਿੰਘ ਜੀ ਦੀਆਂ ਦੋ ਅਟੱਲ ਯਾਦਗਾਰਾਂ ਹਨ, ਜੋ ਉਨ੍ਹਾਂ ਦੀ ਯਾਦ ਨੂੰ ਸਦਾ ਤਾਜ਼ਾ ਰਖਣਗੀਆਂ। ਇਕ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਤਤਕਰਾ ਤੇ ਦੂਜਾ ਭਾਈ ਗੁਰਦਾਸ ਜੀ ਦੀਆਂ "ਵਾਰਾਂ ਤੇ ਕਬਿਤ ਸਵੱਯਾਂ ਦਾ ਤਤਕਰਾ"।

['ਪੰਜਾਬੀ ਰਤਨ" ਵਿਚੋਂ

*ਰਾਮਕਲੀ ਮ: ੧ ਦਖਣੀ ਓਅੰਕਾਰ, ਅੰਕ ੪੪, ਪੰਨਾ ੯੩੬

# ਹੁਕਮਨਾਮੇ ਤੋਂ ਪ੍ਰੇਰਤ ਹੋ ਕੇ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਚੰਦਰੇ ਵਿਕਾਰੀ ਨਰਕਧਾਰੀ ਨਿਰੰਕਾਰੀਆਂ ਨੂੰ, ਖ਼ਾਲਸਾ ਜੀ ! ਕਿਸੇ ਨੇ ਵੀ ਮੂੰਹ ਨਹੀਂ ਲਾਉਣਾ।
ਨੇੜਤਾ ਦਾ ਸਾਕ ਭਾਵੇਂ ਕਿੰਨਾ ਹੀ ਪਿਆਰਾ ਹੋਵੇ, ਕਿਸੇ ਨਾਲ ਕੋਈ ਵੀ ਸੰਬੰਧ ਨਾ ਜਣਾਉਣਾ।
'ਮੀਣੇ' ਤੇ 'ਮਸੰਦਾਂ' 'ਧੀਰ ਮਲੀਆਂ' ਨੂੰ 'ਦਸਮ ਗੁਰ', ਛੇਕਿਆ ਸੀ ਜਿਵੇਂ, ਤਿਵੇਂ ਕਰਨਾ ਕਰਾਉਣਾ।
ਮਰ ਗਿਆਂ ਦੀ ਅਰਥੀ ਨਾਲ ਜਾਣਾ ਵੀ ਅਯੋਗ ਸਮਝ, ਹੁਕਮਨਾਮੇ ਪੰਥ ਦੇ ਤੇ ਸਦਾ ਫੁਲ ਚੜ੍ਹਾਉਣਾ।
ਪੰਥ ਗੁਰ-ਨਿੰਦਕਾਂ ਨੂੰ ਸਦਾ ਆਇਆ ਸੋਧਦਾ ਏ, ਹੁਣ ਵੀ ਇਨ੍ਹਾਂ ਚੜ੍ਹ ਜਾਣਾ ਨਹੀਂ ਆਸਮਾਨ ਤੇ।
ਦਹੀਂ ਵੀ ਤੇ 'ਮਿੱਤਰ' ਚਾਰ ਪਹਿਰ ਪਿਛੋਂ ਜੰਮਦੀ ਏ, ਦੇਰ ਨਾਲ ਹੁੰਦੇ ਕੰਮ ਰਾਸ ਹੀ ਜਹਾਨ ਤੇ।
ਤੇਲ ਵੇਖੋ, ਨੀਝ ਨਾਲ ਦੇਖੋ ਧਾਰ ਤੇਲ ਦੀ ਵੀ, ਨਿਕਲ ਜਾਊ ਮੈਲ ਜਦੋਂ ਤਕਿਆ ਪੁਣ ਛਾਣ ਕੇ।
ਮਿਲੇਗਾ ਜ਼ਰੂਰੀ ਫਲ ਦੁਸ਼ਟਾਂ ਕੁਕਰਮੀਆਂ ਨੂੰ, ਸੁੱਤਾ ਨਹੀਂ ਪੰਥ ਹੁਣ ਲੰਮੀਆਂ ਨੂੰ ਤਾਣ ਕੇ।


www.AKJ.Org

# ਅਬਦਾਲੀ, ਸਿਖ ਤੇ ਵੱਡਾ ਘਲੂਘਾਰਾ (੮)

[ਵਲੋਂ —ਕੇਪਟਨ ਸਵਰਨ ਸਿੰਘ ਜੀ, ਘੜਿਆਲਾ]

## ਸ਼ਾਹ ਦੀ ਬੇਬਸੀ–

ਸ਼ਾਹ ਭਾਵੇਂ ਘਲੂਘਾਰੇ ਤੋਂ ਪਿਛੋਂ ਲਾਹੌਰ ਰੁਕਿਆ, ਜਾਂ ਚੁਮਾਸਾ ਕਟਣ ਲਈ ਕਲਾਨੌਰ ਠਹਿਰਿਆ, ਜਾਂ ਫਿਰ ਪਰਤ ਕੇ ਦਸੰਬਰ ੧੭੬੨ ਤਕ ਲਾਹੌਰ ਅਟਕਿਆ, ਸਿੰਘਾਂ ਦੀ ਸਮੁੱਚੀ ਤਬਾਹੀ ਦੇ ਯਤਨ ਉਸ ਨੇ ਤੇਜ਼ੀ ਨਾਲ ਜਾਰੀ ਰਖੇ। ਸਿੰਘਾਂ ਨੇ ਉਸ ਨੂੰ ਟਕੇ ਸੇਰ ਵੀ ਨਹੀਂ ਪੁਛਿਆ। ਖਾਲਸਾ ਜੀ ਸਗੋਂ ਦਿਨ ਬਦਿਨ ਤਾਕਤ ਫੜਨ ਲੱਗਾ। ਗੁਜਰਾਤ, ਗੁਜਰਾਂਵਾਲਾ ਤੋਂ ਲੈ ਕੇ ਕਰਨਾਲ ਤਕ ਸਿੰਘ ਮੱਲਾਂ ਮਾਰੀ ਬੈਠੇ ਸਨ। ਮਸਕੀਨ ਲਿਖਦਾ ਹੈ ਕਿ ਜੁਲਾਈ ਦੇ ਮਹੀਨੇ ਤੋਂ ਫਿਰ ਪੰਜਾਬ ਵਿਚ ਪੂਰੀ ਅਫਰਾ-ਤਫਰੀ ਫੈਲ ਗਈ ਹੈ। ਨਤੀਜੇ ਵਜੋਂ ਸੜਕਾਂ ਤੇ ਹਰ ਕਿਸਮ ਦੀ ਆਵਾ-ਜਾਈ ਬੰਦ ਹੋ ਗਈ ਹੈ। ਕਾਰੋਬਾਰ ਬੰਦ ਹੋ ਗਏ ਹਨ। ਸ਼ਾਹ ਦੇ ਰਾਜ ਵਿਚ ਸਮੁੱਚੇ ਤੌਰ ਤੇ ਗੜਬੜ ਫੈਲੀ ਹੋਈ ਹੈ।*

## ਖਾਲਸਾ ਦਲ ਦਾ ਮਜ਼ਬੂਤੀ ਫੜ ਕੇ ਕਰਨਾਲ ਵੱਲ ਨੂੰ ਵਧਣਾ

੨੫ ਅਗਸਤ ੧੭੬੨ ਤੋਂ ੨੪ ਸਤੰਬਰ ੧੭੬੨ ਤਕ

ਸਿਖ ਜਾਣਦੇ ਸਨ ਕਿ ਅਹਿਮਦ ਸ਼ਾਹ ਪੰਜਾਬ ਵਿਚ ਕਿਸ ਲਈ ਡੇਰੇ ਲਾਈ ਬੈਠਾ ਹੈ। ਸਿੰਘਾਂ ਦੀ ਨੀਤੀ ਇਹ ਸੀ ਕਿ ਇਸ ਨੂੰ ਇਕ ਪਲ ਲਈ ਵੀ ਚੈਨ ਨਾ ਲੈਣ ਦਿਤਾ ਜਾਵੇ। ਇਸ ਦੀਆਂ ਫੌਜਾਂ ਨੂੰ ਘਰਕਾਈ ਰਖਿਆ ਜਾਵੇ। ਨਾਲ ਨਾਲ ਦੇਸੀ ਕੱਠ-ਪੁਤਲੀਆਂ ਦੀਆਂ ਵੀ ਤਾਰਾਂ ਤੋੜ, ਖੋਹ ਕੇ ਬਿਲੇ ਲਾਈਆਂ ਜਾਣ। ਆਵਾ-ਜਾਈ ਬੰਦ ਕਰ ਕੇ ਰਸਲੋ-ਰਸਾਇਲ ਮੁਕੰਮਲ ਤੌਰ ਤੇ ਖ਼ਤਮ ਕਰ ਦਿਤੀ ਜਾਵੇ। ਸ਼ਾਹ ਨੂੰ ਸਿਰਫ਼ ਜਿਚ ਹੀ ਨਾ ਕੀਤਾ ਜਾਵੇ, ਸਗੋਂ ਲੋਕਾਂ ਦੇ ਦਿਲਾਂ ਚੋਂ ਦੁਰਾਨੀ ਰੁਅਬ ਨੂੰ ਪੂਰੇ ਤੌਰ ਤੇ ਕੱਢ ਦਿਤਾ ਜਾਵੇ। ਨਾਲ ਨਾਲ ਤਾਕਤ ਵਧਾ ਕੇ ਘਲੂਘਾਰੇ ਤੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਦਾ ਕਰੜਾ ਬਦਲਾ ਲਿਆ ਜਾਵੇ, ਜਿਸਨੂੰ ਸ਼ਾਹ ਕੀ, ਸਗੋਂ ਦੁਨੀਆਂ ਯਾਦ ਰਖੇ। ਆਈ ਭਾਜੀ ਦੇ ਜੇ ਮਗਰੇ ਮਗਰ ਨਿਉਂਦਰਾ ਨਾ ਭੇਜਿਆ ਗਿਆ ਤਾਂ ਸੁਆਦ ਕੋਈ ਨਹੀਂ। ਹੋਇਆ ਵੀ ਇੰਜ ਹੀ।

ਸਿੰਘਾਂ ਦੁਆਬਾ ਗਾਹ ਸੁਟਿਆ। ਪੂਰੀ ਤਰ੍ਹਾਂ ਉਗ੍ਰਾਹ ਕੇ ਸਤਲੁਜ ਪਾਰ ਕਰ ਲਿਆ। ਮਲੇਰ ਕੋਟਲਾ, ਰਾਏ ਕੋਟ ਆਦਿ ਤੇ ਸਰਹੰਦ ਨੂੰ ਪਹਿਲਾਂ ਹੀ ਸਾਗ ਦੇ ਚਣੇ ਚਬਾ ਦਿਤੇ ਸਨ। ਹੁਣ ਮਾਲਵੇ ਵਿਚ ਦੀ ਹੁੰਦੇ ਹੋਏ ਕਰਨਾਲ ਅਤੇ ਪਾਨੀਪਤ ਤਕ ਜਾ ਅਪੜੇ। ਏਥੇ ਸਿੰਘਾਂ ਨੇ ਆਪਣੀ ਪੋਜ਼ੀਸ਼ਨ ਚੰਗੀ ਮਜ਼ਬੂਤ ਕਰ ਲਈ ਤੇ ਡੇਰੇ ਲਾ ਦਿਤੇ। ਏਥੇ ੨੫ ਅਗਸਤ ਤੋਂ ੨੪ ਸਤੰਬਰ ੧੭੬੨ ਤਕ ਡਟੇ ਰਹੇ।* ਏਧਰ ਅਬਦਾਲੀ ਨੇ ਫਿਰ ਉਤਰੀ ਹਿੰਦ ਦੀਆਂ ਸਿਰਕੱਢ ਤਾਕਤਾਂ ਦੇ ਵਕੀਲਾਂ ਨੂੰ ਲਾਹੌਰ ਇਕੱਠਿਆਂ ਕਰਨ ਲਈ ਫ਼ੁਰਮਾਨ ਜਾਰੀ ਕੀਤਾ। ਇਸ ਹੁਕਮ ਦੀ ਪਾਲਨਾ ਵਜੋਂ ਨਵਾਬ ਯਅਕੂਬ ਅਲੀ ਖਾਨ ਅਤੇ ਮੁਨੀਰ ਉੱਦੋਲਾ, ਜੋ ਦਿਲੀ ਦੇ ਬਾਦਸ਼ਾਹ ਦੇ ਏਲਚੀ ਸਨ; ਲਾਹੌਰ ਵਲ ਨੂੰ ਰਵਾਨਾ ਹੋਏ। ਇਹ ਕਾਫ਼ਲਾ ਆਪਣੇ ਪੂਰੇ ਜਾਹੋ ਜਲਾਲ ਨਾਲ ਅਜੇ ਪਾਨੀਪਤ ਦੀ ਹੱਦ ਲਾਗੇ ਹੀ ਅਪੜਿਆ ਸੀ ਕਿ ਖ਼ਬਰਾਂ ਮਿਲੀਆਂ ਕਿ ਅੱਗੇ ਤਾਂ ਖਾਲਸਾ ਫ਼ੌਜਾਂ

* ਮਸਕੀਨ : ਤਹਿਮਾਸ ਨਾਮਾ ਸਫ਼ਾ ੨੪੪-੪੭; ਸੋਹਣ ਲਾਲ ਸੂਰੀ : ਜਿਲਦ ੧, ਸਫ਼ਾ ੧੫੮-੫੯; ਯਾਦੂਨਾਥ ਸਰਕਾਰ : ਜਿਲਦ ੨, ਸਫ਼ਾ ੪੯੦-੯੧, ਡਾ: ਹਰੀ ਰਾਮ ਗੁਪਤਾ ਹਿਸਟਰੀ ਆਫ ਦੀ ਸਿਖਸ ਜਿਲਦ ੨, ਸਫ਼ਾ ੧੮੯-੯੦

* ਦਿਹਲੀ ਕ੍ਰਾਨੀਕਲ, ਸਫ਼ਾ ੧੯੨



www.AKJ.Org

ਡੇਰੇ ਲਾਈ ਬੈਠੀਆਂ ਹਨ। ਇਹ ਕਾਫ਼ਲਾ ਤੁਰੰਤ ਮੁੜਿਆ ਤੇ ਬਗੈਰ ਇਕ ਪਲ ਦੇ ਅਟਕਿਆਂ, ਬਿਨਾਂ ਰਸਤਾ ਫੜਿਆਂ ਡਾਂਡੇ ਮੀਂਡੇ ਹੀ ਡਿਗਦਾ ਢਹਿੰਦਾ ਸੋਨੀਪਤ ਜਾ ਕੇ ਹੀ ਰੁਕਿਆ ।† ਇਹ ਸ਼ਾਹ ਪਾਸ ਨਾ ਅਪੜ ਸਕੇ।

## ਅਕਤੂਬਰ ੧੭੬੨ ਦੀ ਦੀਵਾਲੀ ਤੇ ਅਬਦਾਲੀ ਨਾਲ ਟੱਕਰ–

ਹੁਣ ਉਹ ਦਿਨ ਲਾਗੇ ਆਉਂਦਾ ਜਾ ਰਿਹਾ ਸੀ ਜਿਸ ਦਿਨ ਖਾਲਸਾ ਜੀ ਮਿਥ ਕੇ ਅਬਦਾਲੀ ਨਾਲ ਟਕਰਨਾ ਚਾਹੁੰਦੇ ਸਨ ਅਤੇ ਹਰਿਮੰਦਰ ਸਾਹਿਬ ਦੀ ਬੇਅਬਦੀ ਦਾ ਸਲ ਮਿਟਾਉਣਾ ਚਾਹੁੰਦੇ ਸਨ। ਘਲੂਘਾਰੇ ਵਿਚ ਹੋਏ ਸ਼ਹੀਦਾਂ ਦੀ ਯਾਦ ਸਿੰਘਾਂ ਦਾ ਖ਼ੂਨ ਉਬਾਲ ਰਹੀ ਸੀ। ਵੈਰੀ ਅਜੇ ਪੰਜਾਬ ਵਿਚ ਹੀ ਬੈਠਾ ਸੀ। ਉਸ ਦੀ ਮੌਜੂਦਗੀ ਹੋਰ ਵੀ ਲੂਹਰੀਆਂ ਲਿਆਉਂਦੀ ਸੀ। ਸਿੰਘਾਂ ਦਿਆਂ ਸੀਨਿਆਂ ਵਿਚ ਬਲ ਰਿਹਾ ਗੁਸੇ ਦਾ ਲਾਵਾ, ਫੁਟ ਨਿਕਲਣ ਲਈ ਕੋਈ ਬਹਾਨਾ ਚਾਹੁੰਦਾ ਸੀ। ਦੀਵਾਲੀ ਦਾ ਹੀ ਇਕ ਐਸਾ ਦਿਨ ਸੀ ਜਿਸ ਦੀ ਸਿੰਘਾਂ ਨੂੰ ਬੜੀ ਕਾਹਲੀ ਨਾਲ ਉਡੀਕ ਸੀ। ਸਿੰਘ ਇਕੱਠੇ ਹੋਣਗੇ ਤੇ ਅਬਦਾਲੀ ਵੀ ਦਿਲ ਦੀ ਭੜਾਸ ਕੱਢ ਸਕੇਗਾ। ਉਹ ਤਾਂ ਬੈਠਾ ਹੀ ਕਿਸੇ ਮਾਰ ਤੇ ਸੀ। ਸਿੰਘਾਂ ਵਾਸਤੇ ਇਹ ਬੜੀ ਵਡੀ ਵੰਗਾਰ ਸੀ। ਖਾਲਸਾ ਦਲ ਨੇ ਤਿਆਰੀ ਕੀਤੀ ਤੇ ੨੪ ਸਤੰਬਰ ੧੭੬੨ ਨੂੰ ਸ੍ਰੀ ਅੰਮ੍ਰਿਤਸਰ ਸਾਹਿਬ ਵੱਲ ਨੂੰ ਦੀਵਾਲੀ ਤੋਂ ਪਹਿਲਾਂ ਅਪੜ ਜਾਣ ਲਈ ਚਾਲੇ ਪਾ ਦਿਤੇ ਤੇ ਮਾਰੋ ਮਾਰ ਕਰਦੇ ਸ੍ਰੀ ਅੰਮ੍ਰਿਤਸਰ ਵਲ ਨੂੰ ਵਧੇ।

## ਦਲ ਵਿਚ ਦੋ ਧੜੇ

ਏਥੇ ਇਹ ਵਰਨਣ ਕਰ ਦੇਣਾ ਬੇ-ਮੌਕਿਆ ਨਹੀਂ ਹੋਵੇਗਾ ਕਿ ਏਸ ਵੇਲੇ ਖ਼ਾਲਸਾ ਦਲ ਵਿਚ ਦੋ ਧੜੇ ਬਣ ਚੁਕੇ ਸਨ। ਇਕ ਧੜੇ ਦਾ ਨਾਮ ਬੁੱਢਾ ਦਲ ਸੀ, ਜਿਨ੍ਹਾਂ ਦੀ ਨੀਤੀ ਬਜ਼ੁਰਗ ਬੁੱਢਿਆਂ ਦਾਨਿਆਂ ਵਾਲੀ ਤੇ ਬੜੀ ਇਹਤਿਆਤ ਨਾਲ ਸੋਚ ਸਮਝ ਕੇ ਕੋਈ ਕਦਮ ਪੁਟਣ ਵਾਲੀ ਸੀ। ਦੂਜੇ ਧੜੇ ਦਾ ਨਾਮ ਤਰੁਣਾ ਦਲ ਸੀ, ਭਾਵ ਜਵਾਨਾਂ ਦਾ ਦਲ। ਇਹਨਾਂ ਦੀ ਨੀਤੀ ਹਰ ਵੇਲੇ ਵੈਰੀ ਨਾਲ ਟੱਕਰ ਕੇ ਉਸ ਨੂੰ ਮਾਰ ਦੇਣ ਦੀ ਜਾਂ ਆਪ ਮਰ ਜਾਣ ਵਾਲੀ ਸੀ। ਇਹ ਨਹੀਂ ਸਨ ਚਾਹੁੰਦੇ ਕਿ ਵੈਰੀ ਨੂੰ ਇਕ ਪਲ ਵੀ ਸਾਹ ਲੈਣ ਦਿਤਾ ਜਾਵੇ। ਹਰ ਵੇਲੇ ਵੈਰੀ ਨੂੰ ਚੁਫੇਰਿਉਂ ਵਖਤ ਪਾਈ ਰਖਣਾ ਹੀ ਕਾਮਯਾਬੀ ਹੈ। ਇਹ ਸਮਝਦੇ ਸਨ ਕਿ ਦੁਸ਼ਮਣ ਨਾਲ ਟਕਰਾਉਣ ਨਾਲ ਜਿਥੇ ਉਹ ਭੈ ਭੀਤ ਹੋਵੇਗਾ, ਓਥੇ ਜੇ ਕੁਝ ਸਿੰਘ ਸ਼ਹੀਦ ਵੀ ਹੋ ਜਾਣਗੇ ਤਾਂ ਉਹ ਸ਼ਹੀਦੀ ਦੂਜਿਆਂ ਨੂੰ ਹੋਰ ਰੋਹ ਚੜ੍ਹਾਏਗੀ। ਇਹ ਹੀ ਇਕ ਰਸਤਾ ਹੈ ਜਿਸ ਨਾਲ ਸਰੀਰ ਗਰਮ ਰਹਿ ਸਕਦੇ ਹਨ ਤੇ ਵੈਰੀ ਬਰਬਾਦ ਕੀਤਾ ਜਾ ਸਕਦੈ।

ਦੂਜੇ ਪਾਸੇ ਬੁਢੇ ਦਲ ਦੇ ਮੋਢੀ ਉਹ ਸੂਰਮੇ ਸਨ ਜਿਨ੍ਹਾਂ ਪੰਥ ਉਤੇ ਬੜੇ ਕਹਿਰ ਦੇ ਕਰੜੇ ਸਮੇਂ ਵੇਖੇ ਸਨ ਤੇ ਖ਼ੂਨ ਡੋਲ੍ਹ ਡੋਲ੍ਹ ਕੇ ਪੰਥ ਨੂੰ ਚੜ੍ਹਦੀ ਕਲਾ ਵਿਚ ਰਖਿਆ ਸੀ। ਇਹਨਾਂ ਬਜ਼ੁਰਗ ਸੂਰਮਿਆਂ ਦੀ ਪੰਥ ਵਿਚ ਬੜੀ ਇੱਜ਼ਤ ਸੀ। ਤਰੁਣਾ ਦਲ ਦੇ ਮੋਢੀ ਲਵੀ ਉਮਰ ਦੇ ਗਭਰੂਟ ਤੇ ਚੜ੍ਹਦੀ ਜਵਾਨੀ ਵਾਲੇ ਹੀ ਸਨ, ਜੋ ਪੰਥ ਦਿਆਂ ਜੰਗਾਂ ਜੁਧਾਂ ਵੇਲੇ ਜੰਮ ਪਲ ਕੇ ਪ੍ਰਵਾਨ ਚੜ੍ਹੇ ਤੇ ਫੁਲੇ ਸਨ। ਇਹਨਾਂ ਨੇ ਖਾਨ ਬਹਾਦਰ ਜ਼ਕਰੀਆ ਖ਼ਾਨ ਤੇ ਮੀਰ ਮਨੂੰ ਦੇ ਸਮਿਆਂ ਦੇ ਜ਼ੁਲਮ, ਕਹਿਰ ਤੇ ਕਸ਼ਟ ਨਹੀਂ ਵੇਖੇ ਸਨ। ਬੁੱਢਾ ਦਲ ਵਾਲਿਆਂ ਦੀ ਨੀਤੀ ਅਹਿਮਦ ਸ਼ਾਹ ਨਾਲ ਬੇ-ਸੋਚੇ ਸਮਝੇ ਕਿਸੇ ਇਹੋ ਜਿਹੀ ਲੜਾਈ ਵਿਚ ਉਲਝਣ ਦੀ ਨਹੀਂ ਸੀ, ਜਿਸ ਵਿਚ ਉਸ ਦਾ ਪਲੜਾ ਭਾਰੀ ਹੋ ਜਾਵੇ ਤੇ ਉਹਨਾਂ ਨੂੰ ਘਲੂਘਾਰੇ ਵਾਂਗ ਨੁਕਸਾਨ ਉਠਾਉਣਾ ਪਵੇ। ਸਗੋਂ ਇਉਂ ਜਾਪਦਾ ਹੈ ਕਿ ਉਹਨਾਂ ਦੇ ਦਿਲਾਂ ਉਤੇ ਅਹਿਮਦ ਸ਼ਾਹ ਦਾ ਰੁਅਬ ਸੀ, ਪਰ ਤਰੁਣਾ ਦਲ ਵਾਲੇ ਅਹਿਮਦ ਸ਼ਾਹ ਨਾਲ ਦੋ ਦੋ ਹੱਥ ਕਰਨਾ ਚਾਹੁੰਦੇ ਸਨ, ਉਂਜ ਬੁਢਾ ਦਲ ਦੀ ਸਿਖ ਮਤ ਨੂੰ ਉਲੰਘ ਵੀ ਨਹੀਂ

---

† ਦਿਹਲੀ ਕ੍ਰਾਨੀਕਲ, ਸਫ਼ਾ ੧੯੨-੯੩



www.AKJ.Org

ਸਕਦੇ ਸਨ ।*

ਬੁਢਾ ਦਲ ਵਾਲਿਆਂ ਦਾ ਕਾਇਦਾ ਸੀ ਕਿ ਮਾਰਾਂ ਮਾਰਨ ਜਾਣ ਤੋਂ ਪਹਿਲਾਂ ਆਪਣੇ ਆਪਣੇ ਬਾਲ ਬੱਚੇ ਨੂੰ ਬਰਾੜਾਂ ਪਾਸ ਸੁਰੱਖਿਆ ਲਈ ਛਡ ਜਾਇਆ ਕਰਦੇ ਸਨ, ਤਾਕਿ ਫ਼ਿਕਰ ਨਾ ਰਹੇ ਤੇ ਆਪ ਜ਼ਰਾ ਖੁਲ੍ਹ ਕੇ ਹੱਥ ਮਾਰ ਸਕਣ। ਬਰਾੜ ਸਮਝ ਬੈਠੇ ਕਿ ਸਿੰਘ ਸਾਥੋਂ ਬਿਨਾਂ ਕੁਝ ਨਹੀਂ ਕਰ ਸਕਦੇ, ਇਹ ਤਾਂ ਸਿਰਫ ਸਾਡੇ ਆਸਰੇ ਹੀ ਹਨ। ਬੱਸ ਉਹ ਸਿੰਘਾਂ ਨਾਲ ਲੜ ਪਏ। ਸ਼ਾਇਦ ਅਬਦਾਲੀ ਦੇ ਡਰੋਂ ਕਿ ਉਹਨਾਂ ਨੂੰ ਨੁਕਸਾਨ ਨਾ ਪੁਜੇ, ਸਿੰਘਾਂ ਨੂੰ ਆਪਣੇ ਇਲਾਕੇ ਵਿਚੋਂ ਢ ਦਿਤਾ। ਲੁਟਣ ਦੀ ਨੀਤ ਨਾਲ ਦੁਰਾਨੀ ਫੌਜਾਂ ਵਾਂਗ ਸਿਰਾਂ ਤੇ ਲਾਲ ਸਾਲੂ ਬੰਨ੍ਹ ਲਏ ਤੇ ਸਿੰਘਾਂ ਪਿਛੇ ਚੜ੍ਹ ਪਏ। ਸਿੰਘਾਂ ਦੁਰਾਨੀ ਫ਼ੌਜਾਂ ਚੜ੍ਹੀਆਂ ਆਉਂਦੀਆਂ ਸਮਝ ਕੇ ਕਿਸੇ ਸੁਰੱਖਿਅਤ ਟਿਕਾਣੇ ਦੀ ਓਟ ਲੈ ਕੇ ਮੁਕਾਬਲੇ ਲਈ ਪਿਛਾਂਹ ਹਟ ਜਾਣ ਵਾਸਤੇ ਨਠਣਾ ਸ਼ੁਰੂ ਕੀਤਾ। ਪਰ ਸ: ਚੜ੍ਹਤ ਸਿੰਘ, ਜਿਸ ਤਰ੍ਹਾਂ ਕਿ ਪਹਿਲਾਂ ਦਸਿਆ ਜਾ ਚੁਕਿਆ ਹੈ, ਜੋ ਪਿਛੇ ਰਹਿ ਗਿਆ ਸੀ, ਨੇ ਲਾਲ ਸਾਲੂ ਪਛਾਣ ਲਏ ਤੇ ਦਸਿਆ ਕਿ ਇਹ ਗਿਲਜ਼ੇ ਨਹੀਂ ਸਗੋਂ ਬਰਾੜ ਹਨ, ਜੋ ਲੁਟਣ ਦੀ ਨੀਤ ਨਾਲ ਆ ਰਹੇ ਹਨ। ਸਿੰਘਾਂ ਨੇ ਤੁਰੰਤ ਬਰਾੜਾਂ ਤੇ ਹੱਲਾ ਬੋਲ ਦਿਤਾ, ਜੋ ਝਪਟ ਦੀ ਤਾਬ ਨਾ ਲਿਆਉਂਦੇ ਹੋਏ ਅਗੇ ਲਗ ਕੇ ਹਾਰ ਖਾ ਕੇ ਨਠ ਗਏ।

ਇਹ ਘਟਨਾ ਸਪੱਸ਼ਟ ਕਰਦੀ ਹੈ ਕਿ ਬੁੱਢਾ ਦਲ ਵਾਲੇ ਅਹਿਮਦ ਸ਼ਾਹ ਨਾਲ ਲੜਨੋਂ ਕਿੰਨਾ ਬਚਦੇ ਤੇ ਕਤਰਾਉਂਦੇ ਸਨ। ਪਰ ਤਰੁਣਾ ਦਲ ਵਾਲੇ ਅਹਿਮਦ ਸ਼ਾਹ ਨੂੰ ਟਿਚ ਸਮਝਦੇ ਸਨ। ਤੇ ਉਸ ਦੇ ਗਲ ਪੈਣ ਨੂੰ ਇਕ ਖੇਡ ਸਮਝਦੇ ਸਨ। ਹੁਣ ਜਦ ਅਹਿਮਦ ਸ਼ਾਹ ਲਾਹੌਰ ਬੈਠਾ ਸੀ ਤਾਂ ਬੁੱਢਾ ਦਲ ਵਾਲੇ ਤਾਂ ਬਿਆਸ ਤੋਂ ਚੜ੍ਹਦੇ ਪਾਸੇ, ਉਸ ਤੋਂ ਦੂਰ ਦੂਰ ਹੀ ਰਹੇ, ਪਰ ਤਰੁਣਾ ਦਲ ਵਾਲੇ ਬਿਆਸ ਟੱਪ ਕੇ ਅਹਿਮਦ ਸ਼ਾਹ ਦੀਆਂ ਫੌਜਾਂ ਨੂੰ ਵੰਗਾਰ ਵੰਗਾਰ ਕੇ ਮੁਲਕ ਲੁਟਦੇ ਰਹੇ। ਲਾਹੌਰ ਦੇ ਇਰਦ ਗਿਰਦ ਖੂਬ ਜੱਲੀਆਂ ਪੈਂਦੀਆਂ ਰਹੀਆਂ ਤੇ ਅਹਿਮਦ ਸ਼ਾਹ ਦੇ ਸ਼ਹਿਰ ਤੇ ਸੜਕਾਂ ਉਸ ਦੇ ਸਾਮ੍ਹਣੇ ਹੀ ਲੁਟ ਲੁਟ ਖਾਂਦੇ ਰਹੇ। ਅਹਿਮਦ ਸ਼ਾਹ ਇਹਨਾਂ ਦਾ ਕੱਖ ਵੀ ਨਾ ਵਗਾੜ ਸਕਿਆ। ਸਿੰਘਾਂ ਦੀ ਸੁਧਾਈ ਕਰਨ ਲਈ ਘਲੇ ਹੋਏ ਦੁਰਾਨੀ ਕਾਲਮ ਕਦੀ ਸੁਕੇ ਨਾ ਮੁੜਦੇ। ਕਈ ਚਾਂਭਲੇ ਦੁਰਾਨੀ ਛੋਕਰੇ ਖਾਲਸਈ ਤੇਗ ਦਾ ਨਵਾਲਾ ਬਣ ਗਏ। ਇਸ ਵਿਚ ਸ਼ਕ ਨਹੀਂ ਕਿ ਇਹ ਬਹਾਦਰ ਦੁਰਾਨੀ ਜੰਗੀ ਤੇ ਰਾਠ ਸਿੰਘਾਂ ਨਾਲ ਉਲਝਣ ਦੀ ਬਜਾਏ ਪਿੰਡਾਂ ਵਿਚ ਖੇਤੀ ਦੀ ਕਿਰਤ ਕਰਦੇ ਗੁਰਮੁਖ ਸਿੰਘਾਂ ਨੂੰ ਸ਼ਹੀਦ ਕਰ ਦੇਂਦੇ ਰਹੇ, ਜਾਂ ਫੜ ਫੜ ਲਾਹੌਰ ਸ਼ਾਹ ਪਾਸ ਭੇਜਦੇ ਰਹੇ, ਜਿਥੇ ਉਹ ਇਹਨਾਂ ਮਾਸੂਮਾਂ ਦੇ ਖੂਨ ਨਾਲ ਹੱਥ ਰੰਗ ਰੰਗ ਕੇ ਆਪਣਾ ਗੱਚ ਕਢਦਾ ਰਿਹਾ ਤੇ ਮੁਲਾਣਿਆਂ ਦੇ ਸੜਦੇ ਸੀਨੇ ਠਾਰਦਾ ਰਿਹਾ। ਲਾਹੌਰ ਦੇ ਉਦਾਲੇ ਪੁਦਾਲੇ ਸਾਰੇ ਮਾਝੇ ਵਿਚ ਪਿੰਡ ਪਿੰਡ ਜੋ ਸ਼ਹੀਦਾਂ ਦੀਆਂ ਯਾਦਾਂ ਵਿਚ ਗੁਰਦੁਆਰੇ ਉਸਾਰੇ ਹੋਏ ਹਨ, ਉਹ ਵਧੇਰੇ ਕਰ ਕੇ ਇਹੋ ਹੀ ਸਿੰਘ ਹਨ ਜਿਨ੍ਹਾਂ ਨੂੰ ਪਹਿਲਾਂ ਜ਼ਕਰੀਆ ਖ਼ਾਨ, ਮੀਰ ਮਨੂੰ ਤੇ ਫਿਰ ਅਹਿਮਦ ਸ਼ਾਹ ਦਿਆਂ ਸੂਰਮਿਆ ਨੇ ਗਸ਼ਤੀ ਕਾਲਮਾਂ ਦੀ ਸ਼ਕਲ ਵਿਚ ਜਾ ਜਾ ਕੇ ਸ਼ਹੀਦ ਕਰ ਕੇ ਭਲਾਂ ਖਟੀਆਂ।

ਸ: ਕਰਮ ਸਿੰਘ ਜੀ ਹਿਸਟੋਰੀਅਨ ਦਸਦੇ ਹਨ: "ਪਰ ਪੰਜ ਮਿਸਲਾਂ ਦੇ ਗਭਰੂ, ਜਿਨ੍ਹਾਂ ਨੂੰ ਤਰੁਣਾ ਦਲ ਆਖਦੇ ਹਨ, ਅਹਿਮਦ ਸ਼ਾਹ ਦਾ ਕੋਈ ਰੁਅਬ ਨਹੀਂ ਮੰਨਦੇ ਸਨ। ਉਹ ਲਾਹੌਰ ਦੀਆਂ ਕੰਧਾਂ ਤੀਕ ਮਾਰਾਂ ਮਾਰ ਲਿਆਉਂਦੇ ਅਤੇ ਜੈ ਸਿੰਘ ਕਨ੍ਹੱਈਆ ਤਾਂ ਕਈ ਵਾਰ ਲਾਹੌਰ ਸ਼ਹਿਰ ਦੇ ਅੰਦਰੋਂ ਵੀ ਹੱਥ ਮਾਰ ਲਿਆਉਂਦਾ। ਅਹਿਮਦ ਸ਼ਾਹ ਸਭ ਕੁਝ ਵੇਖਦਾ ਸੀ, ਪਰ ਇਸ ਦਾ ਪਰਬੰਧ ਕੁਝ ਨਹੀਂ ਕਰ ਸਕਦਾ ਸੀ। ਉਹ ਸੋਚਦਾ ਸੀ ਕਿ ਜੇ ਕੁਪ-ਰਹੀੜੇ ਦੀ ਸਜ਼ਾ ਇਨ੍ਹਾਂ ਲਈ ਕਾਫੀ

* ਸ: ਕਰਮ ਸਿੰਘ ਜੀ ਹਿਸਟੋਰੀਅਨ, ਇਤਿਹਾਸਕ ਖੋਜ—ਸਫ ੮੦



www.AKJ.Org

ਨਹੀਂ ਤਾਂ ਮੈਂ ਇਕ ਵਾਰ ਫੇਰ ਇਹਨਾਂ ਨੂੰ ਐਸੀ ਸਜ਼ਾ ਦੇਵਾਂਗਾ, ਜਿਸ ਤੋਂ ਇਹ ਸਿਰ ਨਾ ਚੁਕ ਸਕਣਗੇ ।*

ਅਹਿਮਦ ਸ਼ਾਹ ਬਟਾਲੀਆ ਦਸਦਾ ਹੈ ਕਿ ਸਿਖ ਏਨੇ ਨਿਡੱਰ ਤੇ ਦਲੇਰ ਹੋ ਚੁਕੇ ਹਨ ਕਿ ਅਹਿਮਦ ਸ਼ਾਹੀ ਫ਼ੌਜਾਂ ਦੇ ਚੁਗਿਰਦੇ ਦੋ ਦੋ ਤਿੰਨ ਤਿੰਨ ਕੋਹਾਂ ਤਕ ਜਾ ਕੇ ਲੁਟ ਮਾਰ ਕਰ ਲਿਆਉਂਦੇ ਹਨ ।

ਪੰਥ ਦਾ ਇਹ ਫ਼ੈਸਲਾ, ਕਿ ਅਹਿਮਦ ਸ਼ਾਹ ਨਾਲ ਦੋ ਦੋ ਹੱਥ ਕਰ ਕੇ ਉਸ ਨੂੰ ਐਸੀ ਮੱਤ ਦਿਤੀ ਜਾਵੇ ਕਿ ਮੁੜ ਉਸ ਨੂੰ ਖਾਲਸਾ ਜੀ ਦੇ ਸਾਹਮਣੇ ਹੋਣ ਦਾ ਹੌਸਲਾ ਨਾ ਪਵੇ, ਖਾਲਸਾ ਦਲ ਨੂੰ ੨੪ ਸਤੰਬਰ ੧੭੬੨ ਨੂੰ ਕੂਚ ਕਰਾ ਕੇ ਆ ਰਹੀ ਦੀਵਾਲੀ ਲਈ ਸ੍ਰੀ ਅੰਮ੍ਰਿਤਸਰ ਸਾਹਿਬ ਲੈ ਆਇਆ । ਅਬਦਾਲੀ ਨੂੰ ਵੀ ਖਬਰਾਂ ਪੁਜ ਗਈਆਂ ਸਨ ਤੇ ਉਸ ਨੇ ਵੀ ਇਸ ਮੌਕਿਆ ਨੂੰ ਮੂੰਹੋਂ ਮੰਗੀ ਮੁਰਾਦ ਸਮਝਿਆ। ਸ਼ਾਹ ਨੇ ਬਹੁਤ ਵਡੀ ਖ਼ੁਸ਼ੀ ਮਹਿਸੂਸ ਕੀਤੀ ਹੋਵੇਗੀ ਕਿ ਨਿਤ ਦਾ ਰੇੜਕਾ ਮੁਕਾ ਕੇ ਪੰਜਾਬ ਨੂੰ ਪੱਕੇ ਤੌਰ ਤੇ ਆਪਣੇ ਅਫ਼ਗਾਨੀ ਰਾਜ ਦਾ ਹਿੱਸਾ ਬਣਾ ਸਕੂ । ਕਾਸ਼ ! ਇਹ ਅਫ਼ਗ਼ਾਨ ਬੱਚਾ ਖਾਲਸਈ ਸਪਿਰਿਟ ਨੂੰ ਸਹੀ ਤੌਰ ਤੇ ਸਮਝਣ ਦੇ ਯੋਗ ਹੁੰਦਾ ! ਪਰ ਓਧਰ ਸੂਹੀਏ ਸ਼ਾਹ ਨੂੰ ਖ਼ਬਰਾਂ ਦੇ ਰਹੇ ਸਨ ਕਿ ਦੀਵਾਲੀ ਦੇ ਪੁਰਬ ਸਮੇਂ ਸਭ ਸਿਰ-ਕਢਵੇਂ ਸਿੰਘ ਸ੍ਰੀ ਅੰਮ੍ਰਿਤਸਰ ਜੀ ਹੋਣਗੇ । ਇਹਨਾਂ ਨੂੰ ਸਮੇਟ ਸੁਟਣ ਦਾ ਸੁਹਣਾ ਸਮਾਂ ਹੋਵੇਗਾ । ਸੋ ਉਸ ਮੌਕੇ ਤੇ ਇਕ ਭਰਪੂਰ ਹਲਾ ਕਰ ਕੇ ਇਹਨਾਂ ਕਾਫਰਾਂ ਦੀ ਅਲੱਖ ਮੁਕਾ ਦਿਤੀ ਜਾਵੇ ।

### *ਸ਼ਾਹ ਦਾ ਸਿੰਘਾਂ ਦੀ ਆਮਦ ਸੁਣਨੀ—*

ਸ਼ਾਹ ਕਲਾਨੌਰੋਂ ਲਾਹੌਰ ਆ ਚੁਕਿਆ ਸੀ । ਸਿੰਘਾਂ ਦੇ ਖ਼ਿਲਾਫ਼ ਕਾਲਮ ਲਾਹੌਰੋਂ ਹੀ ਚੜ੍ਹਾਏ ਜਾਂਦੇ ਸਨ । ਲਾਹੌਰ ਦੇ ਚੁਫੇਰੇ ਸਿੰਘਾਂ ਦੇ ਦੂੰਦ ਮਚਦੇ ਅਬਦਾਲੀ ਨੇ ਲਾਹੌਰ ਬੈਠਿਆਂ ਹੀ ਤਕੇ ਸਨ । ਦੀਵਾਲੀ ਬਾਰੇ ਸੂਹੀਆਂ ਦੀਆਂ ਖਬਰਾਂ ਭਾਵੇਂ ਕਲਾਨੌਰ ਹੀ ਮਿਲ ਚੁਕੀਆਂ ਸਨ, ਪਰ ਸਿੰਘਾਂ ਦੇ ਸ੍ਰੀ ਅੰਮ੍ਰਿਤਸਰ ਵਲ ਨੂੰ ਕਰਨਾਲ ਵਲੋਂ ਮੋੜੇ ਦੀਆਂ ਖਬਰਾਂ ਲਾਹੌਰ ਹੀ ਉਸ ਨੂੰ ਮਿਲੀਆਂ ਸਨ । ਅਬਦਾਲੀ ਦੀ ਫੌਜ ਦਾ ਕਾਫ਼ੀ ਹਿੱਸਾ ਨੂਰਓਦੀਨ ਬਾਮਜ਼ਈ ਨਾਲ ਕਸ਼ਮੀਰ ਦੀ ਮੁਹਿੰਮ ਤੇ ਗਿਆ ਹੋਇਆ ਸੀ ਤੇ ਲਾਹੌਰ ਮੌਜੂਦ ਫ਼ੌਜ ਸਿੰਘਾਂ ਦੀ ਇਕੱਠੀ ਹੋਣ ਵਾਲੀ ਗਿਣਤੀ ਨਾਲੋਂ ਡਿਉਢੀ ਦੂਣੀ ਨਹੀਂ ਸੀ, ਜਿਸ ਤਰ੍ਹਾਂ ਕਿ ਘਲੂਘਾਰੇ ਵੇਲੇ ਸੀ । ਘਲੂਘਾਰੇ ਵਿਚ ਦੁਰਾਨੀ ਫੌਜ ਦਾ ਵੀ ਬਹੁਤ ਜ਼ਿਆਦਾ ਨੁਕਸਾਨ ਹੋਇਆ ਸੀ ਤੇ ਜਿਹੜੇ ਸਿੰਘਾਂ ਦੇ ਹੱਥ ਵੇਖ ਚੁਕੇ ਸਨ ਉਹ ਉਹਨਾਂ ਤੋਂ ਤ੍ਰਹਿੰਦੇ ਵੀ ਬਹੁਤ ਸਨ । ਕਸ਼ਮੀਰੋਂ, ਮੁਲਤਾਨੋਂ, ਸਰਹੰਦੋਂ ਜਾਂ ਦੂਸਰੇ ਦੇਸੀ ਅਨੁਸਾਰੀਆਂ ਤੋਂ, ਖਾਸ ਕਰ ਕੇ ਰੁਹੇਲਿਆਂ ਤੋਂ ਸਹਾਇਤਾ ਲਈ ਜਾ ਸਕਦੀ ਸੀ, ਪਰ ਹੁਣ ਤਾਂ ਸਮਾਂ ਬਹੁਤ ਹੀ ਥੋੜਾ ਸੀ । ਸ਼ਾਹ ਨੂੰ ਇਸ ਗੱਲ ਤੇ ਬਹੁਤ ਮਾਣ ਸੀ ਕਿ ਪਾਨੀਪਤ ਦੀ ਜਿਤ ਨੇ ਜੋ ਉਸ ਦੇ ਨਾਮ ਦਾ ਡਰ ਹਿੰਦੁਸਤਾਨੀਆਂ ਦੇ ਦਿਲਾਂ ਵਿਚ ਬਿਠਾ ਛਡਿਆ ਹੈ, ਉਹ ਕੋਈ ਵੀ ਲੜਾਈ ਜਿਤਣ ਵਿਚ ਬਹੁਤ ਸਹਾਈ ਹੋ ਸਕਦੈ । ਇਸ ਦੇ ਨਾਲ ਹੀ ਸਾਢੇ ੮ ਮਹੀਨੇ ਪਹਿਲਾਂ ਕੁਪ-ਰਹੀੜੇ ਵਿਚ ਮਾਰੀ ਸਿਖਾਂ ਨੂੰ ਸੱਟ ਨੇ ਇਸ ਕਾਬਲ ਹੀ ਨਹੀਂ ਛਡਿਆ ਕਿ ਫਿਰ ਡੱਟਵੀਂ ਮਥੇ ਜੋੜ ਕੇ ਟੱਕਰ ਲੈ ਸਕਣ ।

ਪਰ ਖਾਲਸਾ ਜੀ ਦੇ ਏਡੀ ਤੇਜ਼ੀ ਨਾਲ ਸ੍ਰੀ ਅੰਮ੍ਰਿਤਸਰ ਜੀ ਪਹੁੰਚ ਜਾਣ ਦਾ ਤੇ ਸ਼ਾਹ ਨੂੰ ਇੰਜ ਵੰਗਾਰਨ ਦਾ ਅਬਦਾਲੀ ਨੂੰ ਸੁਪਨੇ ਵਿਚ ਵੀ ਖਿਆਲ ਨਹੀਂ ਸੀ । ਜਮਜ਼ਮਾ ਤੋਪ ਵੀ ਏਨੀ ਜਲਦੀ ਦੁਸ਼ਮਨ ਦੇ ਖਿਲਾਫ਼ ਨਹੀਂ ਲਿਜਾਈ ਜਾ ਸਕਦੀ ਸੀ । ਸ਼ਾਹ ਨੂੰ ਆਪਣੀ ਕਮਜ਼ੋਰ ਹਾਲਤ ਦਾ ਪੂਰੀ ਤਰ੍ਹਾਂ ਗਿਆਨ ਹੋ ਚੁਕਿਆ ਸੀ । ਪੂਰੇ ਖਿਡਾਰੀ ਹੋਣ ਦੇ ਨਾਤੇ ਸੁਲ੍ਹਾ ਦੀ ਚਾਲ ਚਲ ਕੇ ਵਕਤ ਟਪਾਉਣ ਦੀ ਚੰਗੀ ਸੋਚ ਸੋਚੀ । ਪਰ ਇਹ ਸਿਰੇ ਨਾ ਚੜ੍ਹ ਸਕੀ ।

---

* ਸ: ਕਰਮ ਸਿੰਘ ਜੀ ਹਿਸਟੋਰੀਅਨ--ਇਤਿਹਾਸਕ ਖੋਜ--ਸਫ਼ਾ ੮੦-੮੧



www.AKJ.Org

## ਸ਼ਾਹ ਦਾ ਸੁਲ੍ਹਾ ਲਈ ਆਪਣਾ ਏਲਚੀ ਘਲਣਾ

ਸਮੇਂ ਦੀ ਨਜ਼ਾਕਤ (ਸੂਖਮਤਾ) ਨੂੰ ਭਾਂਪਦੇ ਹੋਏ ਅਬਦਾਲੀ ਨੇ ਸੁਲ੍ਹਾ ਵਾਸਤੇ ਸ੍ਰੀ ਅੰਮ੍ਰਿਤਸਰ ਸਾਹਿਬ ਸਿੰਘਾਂ ਪਾਸ ਆਪਣਾ ਏਲਚੀ ਘਲਿਆ ਕਿ ਸ਼ਾਹ ਹੋਰ ਖ਼ੂਨ ਖਰਾਬਾ ਨਹੀਂ ਕਰਨਾ ਚਾਹੁੰਦਾ। ਪਰ ਖਾਲਸਾ ਜੀ ਦੁਰਾਨੀ ਹੱਥੋਂ ਹੋਈ ਦਰਬਾਰ ਸਾਹਿਬ ਦੀ ਬੇਅਦਬੀ ਦੇ ਕਾਰਨ ਗੁਸੇ ਨਾਲ ਲਾਲ ਪੀਲੇ ਹੋਏ ਮਰਨ ਮਾਰਨ ਲਈ ਜਾਨਾਂ ਤਲੀ ਤੇ ਰਖੀ ਭਰੇ ਪੀਤੇ ਬੈਠੇ ਸਨ । ਉਹ ਇਹੋ ਜਿਹੇ ਵੈਰੀ ਨਾਲ ਸੁਲ੍ਹਾ ਕਿਵੇਂ ਕਰ ਲੈਂਦੇ। ਕੁਝ ਕਰੋਧ ਵਿਚ ਆਏ ਸਿੰਘਾਂ ਨੇ ਏਲਚੀ ਤੇ ਉਸ ਦਿਆਂ ਸਾਥੀਆਂ ਦਾ ਸਾਰਾ ਮਾਲ ਅਸਬਾਬ ਲੁਟ-ਪੁਟ ਲਿਆ ਤੇ ਉਸ ਨੂੰ ਮਾਰ ਕੁਟ ਕੇ ਭਜਾ ਦਿਤਾ।*

ਅਹਿਮਦ ਸ਼ਾਹ ਅਬਦਾਲੀ ਤੋਂ ਹੁਣ ਚੁਪ ਰਹਿਣਾ ਵੀ ਬਹੁਤ ਔਖਾ ਸੀ। ਝਟਾ ਪਟ ਕੂਚ ਕਰ ਕੇ ੧੬ ਅਕਤੂਬਰ ਨੂੰ ਸ਼ਾਮ ਤੋਂ ਪਹਿਲਾਂ ਸ੍ਰੀ ਅੰਮ੍ਰਿਤਸਰ ਆਣ ਪੁਜਾ । ਮੌਜੂਦਾ ਕਿਲ੍ਹਾ ਗੋਬਿੰਦ ਗੜ੍ਹ ਤੋਂ ਲੈ ਕੇ ਖਾਲਸਾ ਕਾਲਜ ਵਾਲੀ ਸੜਕ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੀ ਹਦੂਦ ਵਿਚ ਦੁਰਾਨੀ ਫੌਜਾਂ ਹੀ ਨਜ਼ਰ ਆ ਰਹੀਆਂ ਸਨ।

ਅਹਿਮਦ ਸ਼ਾਹ ਜਾਣਦਾ ਸੀ ਕਿ ਇਸ ਤੋਂ ਸੋਹਣਾ ਸਮਾਂ ਫੇਰ ਨਹੀਂ ਮਿਲਣਾ। ਉਸ ਨੂੰ ਆਪਣੀ ਤਾਕਤ ਤੇ ਬੜਾ ਹੀ ਭਰੋਸਾ ਤੇ ਮਾਣ ਸੀ। ਉਸ ਨੂੰ ਬੜਾ ਅਰਮਾਨ ਸੀ ਕਿ ਕਿਤੇ ਸਿੰਘ ਉਸ ਨਾਲ ਜੰਮ ਕੇ ਲੜਨ ਤੇ ਫੇਰ ਉਹਨਾਂ ਨੂੰ ਆਟੇ ਦਾਲ ਦਾ ਭਾਅ ਦਸੇ। ਉਹਨਾਂ ਦੇ ਬਚੇ ਰਹਿਣ ਦਾ ਇਹੋ ਹੀ ਕਾਰਨ ਹੈ। ਕੱਲ੍ਹ ਨਿਤ ਦਾ ਰੇੜਕਾ ਮੁਕ ਜਾਊ । ਉਸ ਨੇ ਆਪਣੀ ਵਲੋਂ ਐਸੇ ਪਰਬੰਧ ਕੀਤੇ ਸਨ ਕਿ ਸਿੰਘਾਂ ਨੂੰ ਬਚ ਕੇ ਕਿਧਰੇ ਨਸਣ ਨਾ ਦਿਤਾ ਜ਼ਾਵੇ।

## ੧੭ ਅਕਤੂਬਰ ੧੭੬੨ ਦੀਵਾਲੀ ਦਾ ਦਿਨ ਤੇ ਜੰਗ

੬ ਕਤਕ ਸੰਮਤ ੧੮੧੯ (੧੭ ਅਕਤੂਬਰ ੧੭੬੨ ਈਸਵੀ) ਐਤਵਾਰ ਵਾਲੇ ਦਿਨ ਦੀਵਾਲੀ ਸੀ ਤੇ ਇਸ ਦਿਨ ਪੂਰਾ ਸੂਰਜ ਗ੍ਰਹਿਣ ਸੀ। ਅਜੇ ਕਾਫ਼ੀ ਤੜਕਾ ਸੀ ਕਿ ਅਬਦਾਲੀ ਸਹਿਰ ਤੇ ਆਣ ਪਿਆ। ਸਿੰਘ ਵੀ ਅਰਦਾਸਾ ਸੋਧ ਕੇ ਏਸੇ ਸਮੇਂ ਦੀ ਉਡੀਕ ਵਿਚ ਸਨ। ਸ੍ਰੀ ਹਰਿਮੰਦਰ ਸਾਹਿਬ ਦੇ ਖੰਡਰ, ਪੂਰਿਆ ਹੋਇਆ ਸਰੋਵਰ ਤੇ ਚਾਰ ਚੁਫੇਰੇ ਦਾ ਢਾਹੋਵਾੜਾ ਉਹਨਾਂ ਦੀਆਂ ਅੱਖਾਂ ਦੇ ਸਾਹਮਣੇ ਸੀ। ਉਹਨਾਂ ਦੀਆਂ ਅੱਖਾਂ ਦੇ ਸਾਮ੍ਹਣੇ ਉਹ ਵੈਰੀ ਵੀ ਸੀ ਜਿਸ ਨੇ ਉਹਨਾ ਦੀਆਂ ਜਾਨਾਂ ਤੋਂ ਪਿਆਰੇ ਸ੍ਰੀ ਹਰਿਮੰਦਰ ਸਾਹਿਬ ਦੀ ਬੇਅਦਬੀ ਕੀਤੀ ਸੀ ਤੇ ਅਜ ਤੋਂ ਸਾਢੇ ਅੱਠ ਮਹੀਨੇ ਪਹਿਲਾਂ ਕੁਪ ਰਹੀੜੇ ਦੇ ਮੈਦਾਨ ਵਿਚ ਖਾਲਸਾ ਜੀ ਨੂੰ ਅਕਹਿ ਦੁਖ ਦਿਤਾ ਸੀ। ਅੱਜ ਇਹ ਵੈਰੀ ਸਿੰਘਾਂ ਦੇ ਚੱਬ ਵਿਚ ਆਇਆ ਭਲਾ ਬਚ ਕੇ ਕਿਵੇਂ ਜਾਊ ? ਬੱਸ ਪਈਆਂ ਫਿਰ ਚੋਟਾਂ ਧੌਂਸਿਆਂ ਉਤੇ ਤੇ ਨਿਸ਼ਾਨ ਖੁਲ੍ਹ ਗਏ। ਸਿੰਘ ਮੌਤ ਦਾ ਤੂਫਾਨ ਬਣ ਕੇ ਦੁਸ਼ਮਣ ਦੇ ਉਤੇ ਜਾ ਕੜਕੇ, ਬੜੀ ਭਿਆਨਕ ਤੇ ਖ਼ੂਨ-ਡੋਲ੍ਹਵੀਂ ਘਮਸਾਨ ਦੀ ਲੜਾਈ ਹੋਣ ਲਗੀ।

ਅਹਿਮਦ ਸ਼ਾਹ ਨੂੰ ਇਸ ਗੱਲ ਦਾ ਬੜਾ ਹੀ ਗੁਮਾਨ ਸੀ ਕਿ ਉਸ ਦਾ ਨਾਮ ਸੁਣਦੇ ਸਾਰ ਹੀ ਸਿੰਘ ਤਿੱਤਰ ਬਿੱਤਰ ਹੋ ਜਾਣਗੇ। ਸਿੰਘਾਂ ਨੂੰ ਪੂਰੀ ਤਰ੍ਹਾਂ ਸਮੇਟ ਸੁਟਣਾ ਐਵੇਂ ਘੜੀਆਂ ਪਲਾਂ ਦਾ ਕੰਮ ਹੋਵੇਗਾ । ਏਸੇ ਲਈ ਉਸ ਨੇ ਸਾਰੇ ਨਾਕੇ ਚੰਗੀ ਤਰ੍ਹਾਂ ਰੋਕ ਛੱਡੇ ਸਨ। ਉਸ ਨੂੰ ਪੱਕਾ ਖ਼ਿਆਲ ਸੀ ਕਿ ਇਕ ਪਹਿਰ ਦੇ ਵਿਚ ਵਿਚ ਸਿੰਘਾਂ ਦੀ ਗਭੇ-ਵਾਢ ਕਰ ਕੇ ਉਹ ਲਾਹੌਰ ਮੁੜ ਜਾਵੇਗਾ, ਪਰ ਅਗੋਂ ਜਦ ਸਿੰਘਾਂ ਨੇ ਸੂਰਮਿਆਂ ਵਾਲੇ ਹੱਥ ਵਿਖਾਏ

---

* ਜੇਮਜ਼ ਬ੍ਰਾਊਨ—ਹਿਸਟਰੀ ਆਫ ਦੀ ਰਾਈਜ਼ ਐਂਡ ਪ੍ਰਾਗ੍ਰੈਸ ਆਫ ਦੀ ਸਿਖਸ II—੨੮-੨੬

ਡਾ: ਗੰਡਾ ਸਿੰਘ—ਅਹਿਮਦ ਸ਼ਾਹ ਦੁਰਾਨੀ, ਸਫਾ ੨੮੬, ਸ: ਜੱਸਾ ਸਿੰਘ ਆਹਲੂਵਾਲੀਆ—੧੩੦-੩੧ ਡਾ: ਹਰੀ ਰਾਮ ਗੁਪਤਾ—ਹਿਸਟਰੀ ਆਫ਼ ਦੀ ਸਿਖਸ II, ਸਫਾ ੧੬੧-੬੨



www.AKJ.Org

ਤਾਂ ਅਹਿਮਦ ਸ਼ਾਹ ਬੜਾ ਫ਼ਿਕਰਮੰਦ ਹੋਇਆ। ਖ਼ਾਨਾਂ ਨੂੰ ਮਾਰ ਖਾਂਦਿਆਂ ਤੇ ਤੋਬਾ ਤੋਬ ਕਰਦਿਆਂ ਵੇਖ ਕੇ ਗਭੇ-ਵਾਢ ਦਾ ਨਸ਼ਾ ਹਰਨ ਹੋ ਗਿਆ ਤੇ ਉਹ ਆਪਣੀ ਸੁਰਖ਼ਰੂਈ ਲਈ ਤੇ ਦਬਦਬਾ ਕਾਇਮ ਰਖਣ ਲਈ ਹੁਣ ਸਿੰਘਾਂ ਤੇ ਫ਼ਤਿਹ ਹੀ ਪਾ ਲੈਣ ਦੀ ਫਿਕਰ ਕਰਨ ਲਗਾ। ਉਸ ਦਿਆਂ ਹੰਢੇ ਬੀਤੇ ਜਰਨੈਲਾਂ ਤੇ ਵਜ਼ੀਰਾਂ ਨੇ ਅਹਿਮਦ ਸ਼ਾਹ ਨੂੰ ਕਦੇ ਪਹਿਲਾਂ ਅੱਜ ਵਾਂਗ ਚਿੰਤਾਤੁਰ ਤੇ ਪ੍ਰੇਸ਼ਾਨ ਨਹੀਂ ਸੀ ਵੇਖਿਆ। ਲੜਾਈ ਦਾ ਰੰਗ ਹਰ ਪਲ ਇਸ ਚਿੰਤਾ ਵਿਚ ਵਾਧਾ ਕਰੀ ਜਾ ਰਿਹਾ ਸੀ।

ਇਹ ਏਸ਼ੀਆ ਦਾ ਚੋਟੀ ਦਾ ਜਰਨੈਲ, ਜਿਸ ਦੇ ਨਾਮ ਤੋਂ ਹੀ ਹਿੰਦੁਸਤਾਨ ਵਿਚ ਕਾਇਮ ਹੋਈ ਅੰਗ੍ਰੇਜ਼ੀ ਤਾਕਤ ਥਰਥਰਾਂਦੀ ਸੀ, ਇਹ ਪਾਨੀਪਤ ਦਾ ਜੇਤੂ ਜੋ ਮਰਹੱਟਿਆਂ ਦੇ ਤੋਪਖਾਨੇ, ਹਾਥੀਆਂ ਤੇ ਘੋੜਿਆਂ ਦੇ ਰਸਾਲਿਆਂ ਅਤੇ ਲਖਾਂ ਮਰਹੱਟੇ ਜਵਾਨਾਂ ਨੂੰ ਮੈਦਾਨ ਵਿਚ ਸਾਮ੍ਹਣੇ ਵੇਖ ਕੇ ਰਤਾ ਭਰ ਵੀ ਨਹੀਂ ਸੀ ਘਬਰਾਇਆ। ਉਹ ਮਨ ਵਿਚ ਸਮਝਦਾ ਸੀ ਕਿ ਸਿੰਘ ਤਾਂ ਉਸ ਅਗੇ ਇਕ ਤਮਾਸ਼ਾ ਹਨ, ਉਹਨਾਂ ਦੇ ਤਾਂ ਅੱਖ ਦੀ ਪਲਕਾਰ ਵਿਚ ਪਰਖਚੇ ਉਡਾ ਦੇਵੇਗਾ। ਇਹਨਾਂ ਨੂੰ ਤਾਂ ਭਜਦਿਆਂ ਰਾਹ ਨਹੀਂ ਲਭਣਾ। ਪਰ ਇਹ ਉਸ ਨੂੰ ਬੜਾ ਵੱਡਾ ਭੁਲੇਖਾ ਸੀ। ਉਹ ਸਿੰਘਾਂ ਨੂੰ ਵੀ ਮਰਹੱਟਿਆਂ ਦੇ ਹੀ ਤੁਲ ਸਮਝਦਾ ਸੀ। ਮਰਹੱਟਿਆਂ ਤੇ ਸਿੰਘਾਂ ਵਿਚ ਜ਼ਮੀਨ ਅਸਮਾਨ ਦਾ ਫ਼ਰਕ ਸੀ।

ਹੁਣ ਸੂਰਜ ਚੜ੍ਹ ਚੁਕਿਆ ਸੀ ਤੇ ਲੜਾਈ ਗਹਿ-ਗੱਚ ਹੋ ਰਹੀ ਸੀ, ਦੋਹਾਂ ਧਿਰਾਂ ਨੇ ਅੱਜ ਇਕ ਤੋਂ ਇਕ ਕਰ ਸੁਟਣ ਦੀ ਧਾਰੀ ਹੋਈ ਸੀ। ੧੯ ਘੜੀਆਂ ਦਿਨ ਗਏ ਸੂਰਜ ਨੂੰ ਪੂਰਾ ਗ੍ਰਹਿਣ ਲਗ ਗਿਆ। ਉਮਦਾ-ਤੁਲ-ਤਵਾਰੀਖ਼ ਦਾ ਕਰਤਾ ਲਿਖਦਾ ਹੈ ਕਿ ਗ੍ਰਹਿਣ ਲਗਣ ਕਰਕੇ ਏਨਾ ਅੰਨ੍ਹੇਰਾ ਹੋ ਗਿਆ ਕਿ ਦਿਨੇ ਹੀ ਤਾਰੇ ਨਜ਼ਰ ਆਉਣ ਲੱਗ ਪਏ।* ਅਜਿਹਾ ਸੂਰਜ ਗ੍ਰਹਿਣ ਅਗੇ ਕਦੇ ਨਹੀਂ ਲਗਾ ਸੀ, ਮਾਨੋ ਸੂਰਜ ਚੜ੍ਹਿਆ ਹੀ ਨਹੀਂ ਸੀ। ਸਿੰਘ ਜਾਨਾਂ ਤਲੀ ਉਤੇ ਧਰੀ ਵੈਰੀ ਨਾਲ ਜੂਝ ਰਹੇ ਸਨ। ਵੱਡੇ ਤੜਕੇ ਤੋਂ ਲੜ ਰਹੇ ਸਨ ਤੇ ਭੁੱਖ-ਤੇਹ ਦਾ ਕੋਈ ਖਿਆਲ ਤਕ ਵੀ ਨਹੀਂ ਸੀ। ਜੇ ਖ਼ਿਆਲ ਸੀ ਤੇ ਸਿਰਫ਼ ਸਨਮੁਖ ਜੂਝ ਕੇ ਸ਼ਹੀਦ ਹੋਣ ਦਾ। ਸਿੰਘਾਂ ਨੂੰ ਦੁਰਾਨੀਆਂ ਵਿਰੁਧ ਦੂਹਰਾ ਗੁੱਸਾ ਸੀ। ਇਕ ਘਲੂਘਾਰੇ ਦਾ ਤੇ ਦੂਜਾ ਸਭ ਤੋਂ ਵਡਾ ਦਰਬਾਰ ਸਾਹਿਬ ਦੀ ਬੇਅਦਬੀ ਦਾ। ਉਨ੍ਹਾਂ ਨੇ ਤਾਂ ਮਿਥ ਕੇ ਰਣ ਮੰਡਿਆ ਸੀ ਤੇ ਸਿਰ ਧੜ ਦੀ ਲਾ ਕੇ ਅਜ ਦੁਰਾਨੀਆਂ ਤੋਂ ਪੂਰਾ ਪੂਰਾ ਲੇਖਾ ਲੈ ਰਹੇ ਸਨ। ਅਜ ਦੁਨੀਆ ਤੇ ਸਾਬਤ ਕਰਨਾ ਸੀ ਕਿ ਪੰਜਾਬ ਵਿਚ ਦੁਰਾਨੀ ਨਹੀਂ, ਸਿੰਘ ਰਹਿਣਗੇ। ਇਸ ਲਈ ਹਰ ਇਕ ਸੂਰਮਾ ਇਕ ਦੂਜੇ ਤੋਂ ਅੱਗੇ ਹੋ ਹੋ ਕੇ ਲੜਦਾ ਸੀ ਤੇ ਸ਼ਹੀਦੀ ਪਾਉਣਾ ਚਾਹੁੰਦਾ ਸੀ। ਸ੍ਰੀ ਅੰਮ੍ਰਿਤਸਰ ਜੀ ਦੀ ਪਵਿੱਤਰ ਧਰਤੀ ਉਤੇ ਸ਼ਹੀਦ ਹੋਣਾ ਕੋਈ ਮਮੂਲੀ ਗੱਲ ਨਹੀਂ ਸੀ। ਇਸ ਧਰਤੀ ਤੇ ਸ਼ਹੀਦ ਹੋਣਾ ਸਿੰਘਾਂ ਵਾਸਤੇ ਸਭ ਤੋਂ ਉਚਾ ਮਰਾਤਬਾ ਹੈ, ਜਿਸ ਦੇ ਸਾਹਮਣੇ ਸਭ ਕੁਝ ਉਹ ਹੇਚ ਸਮਝਦੇ ਸਨ ਤੇ ਹੁਣ ਵੀ ਇੰਜ ਹੀ ਸਮਝਦੇ ਹਨ।

ਤੜਕੇ ਦੀ ਲਗੀ ਲੜਾਈ ਕਿਸੇ ਪਾਸੇ ਵੀ ਮੱਠੀ ਹੁੰਦੀ ਨਜ਼ਰ ਨਹੀਂ ਸੀ ਆ ਰਹੀ। ਦੁਰਾਨੀ ਸੂਰਬੀਰ ਪੂਰੀ ਤੁੰਦੀ, ਦਲੇਰੀ ਤੇ ਨਿਰਭੈਤਾ ਨਾਲ ਲੜ ਰਹੇ ਸਨ। ਉਨ੍ਹਾਂ ਨੂੰ ਪੂਰਾ ਮਾਣ ਸੀ ਕਿ ਉਹ ਏਸ਼ੀਆ ਦੇ ਚੋਟੀ ਦੇ ਤੇ ਸਮੇਂ ਦੇ ਅੱਵਲ ਦਰਜੇ ਦੇ ਜਰਨੈਲ ਦੇ ਥਲੇ ਲੜ ਰਹੇ ਸਨ। ਜਿਸ ਜਰਨੈਲ ਨੇ ਅਜ ਤੱਕ ਹਾਰ ਦਾ ਮੂੰਹ ਨਹੀਂ ਵੇਖਿਆ। ਹਰ ਜੰਗ ਵਿਚ ਫਤਿਹ ਨੇ ਉਸ ਦੇ ਪੈਰ ਚੁੰਮੇ ਸਨ। ਇਹ ਗੱਲ ਉਨ੍ਹਾਂ ਦਾ ਹੋਸਲਾ ਹੀ ਨਹੀਂ ਸੀ ਬੰਨ੍ਹਾਉਂਦੀ, ਸਗੋਂ ਜੋਸ਼ ਵੀ ਦੂਣ ਸਵਾਇਆ ਚੜ੍ਹਾਉਂਦੀ ਸੀ। ਮੁੜ ਮੁੜ ਕੇ ਤਕਬੀਰ ਦੇ ਤੇ ਹੈਦਰੀ ਨਾਅਰੇ ਗੂੰਜਦੇ ਸਨ, ਦੁਰਾਨੀਆਂ ਦੇ ਯਲਗਾਰ ਤੇ ਯਲਗਾਰ ਵਧਦੇ ਸਨ, ਪਰ ਖਾਲਸਈ ਤੇਗਾਂ, ਨੇਜ਼ੇ ਤੇ ਜਜ਼ਾਇਲਾਂ ਦੁਸ਼ਮਣ ਦੀਆਂ ਟੋਲੀਆਂ ਨੂੰ ਅੰਨ੍ਹੇਰੀ ਵਿਚ ਉਡਦਿਆਂ

---

* ਸ: ਕਰਮ ਸਿੰਘ ਜੀ ਇਤਿਹਾਸਕ ਖੋਜ--੮੨;
ਡਾ: ਗੰਡਾ ਸਿੰਘ ਜੀ, ਸ: ਜੱਸਾ ਸਿੰਘ ਆਹਲੂ-ਵਾਲੀਆ—੧੩੧



www.AKJ.Org

ਪੱਤਿਆਂ ਵਾਂਗ ਉਡਾਈ ਜਾ ਰਹੀਆਂ ਸਨ। ਵਾਹ ਓਇ ਕਲਗੀਧਰ ਦੇ ਜਾਏ ਸਿੰਘੋ ਸਰਦਾਰੋ ! ਦੁਨੀਆ ਦੇ ਇਤਿਹਾਸ ਵਿਚ ਇਕ ਨਵਾਂ ਕਾਂਡ ਲਿਖ ਚਲੇ ਹੋ, ਜਿਸ ਨੂੰ ਪੜ੍ਹ ਕੇ ਥੋੜ-ਦਿਲੇ ਤੇ ਕਾਇਰ ਕਿਸਮ ਦੇ ਇਤਿਹਾਸਕਾਰ ਮੰਨਣਗੇ ਨਹੀਂ। ਤੁਹਾਡੇ ਹੌਸਲੇ, ਬਲ ਤੇ ਤੇਗ ਤੋਂ ਕੁਰਬਾਨ !

ਪਾਨੀਪੱਤ ਦੇ ਬਿਜੈਈ ਨੇ ਮਰਹੱਟਿਆਂ ਨੂੰ ਆਪਣੇ ਨਾਲੋਂ ਕਿਤੇ ਜ਼ਿਆਦਾ ਤਾਕਤ ਹੁੰਦਿਆਂ ਹੋਇਆਂ ਵੀ ਥੋੜੀ ਦੇਰ ਵਿਚ ਹੀ ਅੱਗੇ ਧਰ ਲਿਆ ਸੀ, ਪਰ ਸਿੰਘ, ਜਿਨ੍ਹਾਂ ਨੂੰ ਉਹ ਤੁਛ ਤੇ ਤਮਾਸ਼ਾ ਹੀ ਸਮਝਦਾ ਸੀ, ਕਿਧਰੇ ਢਿਲੇ ਹੁੰਦੇ ਨਜ਼ਰ ਨਹੀਂ ਸਨ ਆਉਂਦੇ। ਸਗੋਂ ਉਹਨਾਂ ਦੇ ਹਲੇ ਹਰ ਪਲ ਤੇਜ਼ ਤੇ ਜ਼ੋਰਦਾਰ ਹੁੰਦੇ ਜਾ ਰਹੇ ਸਨ। ਪਰਛਾਵੇਂ ਢਲ ਚੁਕੇ ਸਨ। ਸੂਰਜ ਹੋਰ ਨੀਵਾਂ ਹੁੰਦਾ ਜਾ ਰਿਹਾ ਸੀ। ਜਿਥੇ ਸਿੰਘਾਂ ਦੇ ਹਲੇ ਹੋਰ ਭਰਪੂਰ ਹੁੰਦੇ ਜਾ ਰਹੇ ਸਨ, ਦੁਰਾਨੀ ਪੈਰ ਦਬਣ ਲੱਗ ਪਏ। ਹੁਣ ਪਾਨੀਪੱਤ ਦੇ ਜੇਤੂ ਜਰਨੈਲ ਅਹਿਮਦ ਸ਼ਾਹ ਨੂੰ ਜਿੱਤ ਦੀ ਥਾਂ ਮੌਤ ਦਾ ਖ਼ਤਰਾ ਭਾਸਣ ਲੱਗ ਪਿਆ। ਲੜਾਈਆਂ ਦੇ ਦਾਅ-ਪੇਚ ਕਿਸੇ ਕੰਮ ਨਹੀਂ ਸਨ ਆ ਰਹੇ। ਹੁਣ ਉਹ ਆਪਣੀ ਜਿੱਤ ਦਾ ਖ਼ਿਆਲ ਛੱਡ ਕੇ ਆਪਣੀ ਪਿਆਰੀ ਜਾਨ ਹੀ ਬਚਾ ਕੇ ਲੈ ਜਾਣ ਦਾ ਫ਼ਿਕਰ ਕਰਨ ਲਗਾ। ਉਹ ਲੜਦਾ ਲੜਦਾ ਬੜੀ ਤੇਜ਼ੀ ਨਾਲ ਲਾਹੌਰ ਵਲ ਨੂੰ ਪਿਛਾਂਹ ਹਟਣ ਲੱਗਾ।

[ਚਲਦਾ

# ਗੁਰਸਿੱਖੀ ਦੀ ਸੁਗੰਧੀ ਫੈਲਾਉਣ ਵਾਲੇ ਉਦਮ ਲਈ ਅਰਦਾਸ

ਬਿਰਥੀ ਕਦੇ ਨ ਹੋਵਈ ਜਨ ਕੀ ਅਰਦਾਸਿ ॥

---

ਕੀਤਾ ਲੋੜੀਐ ਕੰਮੁ ਸੁ ਹਰਿ ਪਹਿ ਆਖੀਐ ॥
ਕਾਰਜੁ ਦੇਇ ਸਵਾਰਿ ਸਤਿਗੁਰ ਸਚੁ ਸਾਖੀਐ ॥

---

ਪ੍ਰਭ ਕੀਜੈ ਕ੍ਰਿਪਾ ਨਿਧਾਨ ਹਮ ਹਰਿ ਗੁਨ ਗਾਵਹਗੇ ॥

'ਸੂਰਾ' ਦੇ ਸਮੂਹ ਸੁਹਿਰਦ ਪਾਠਕਾਂ ਦੀ ਸੇਵਾ ਵਿਚ ਨਿਮਰਤਾ ਸਹਿਤ ਬੇਨਤੀ ਹੈ ਕਿ ਪ੍ਰਦੇਸਾਂ ਵਿਚ ਵਸਦੇ ਗੁਰਸਿਖਾਂ ਨੇ ਸ੍ਰੀ ਗੁਰੂ ਅਮਰਦਾਸ ਜੀ ਦੇ ਪੰਜ-ਸੌ-ਸਾਲਾ ਜਨਮ-ਉਤਸ਼ਵ, ਇਸ ੧੯੭੯ ਨੂੰ ਸਦੀਵੀ ਯਾਦ ਬਣਾਉਣ ਲਈ ਤੇ ਸਿੱਖੀ ਦੀ ਚੜ੍ਹਦੀ ਕਲਾ ਅਤੇ ਪ੍ਰਫੁਲਤਾ ਲਈ ਇਕ ਵਿਸ਼ੇਸ਼ ਗੁਰਮਤਿ ਸਕੂਲ ਦੀ ਸਿਰਜਨਾ ਦਾ ਪਲੈਨ ਉਲੀਕਿਆ ਹੈ, ਜਿਸ ਵਿਚ ਸਮੂਹ ਗੁਰੂ ਕੇ ਨਾਮ-ਲੇਵਾ ਗੁਰਸਿਖਾਂ ਦੇ ਯੋਗ-ਦਾਨ ਦੀ ਅਤਯੰਤ ਲੋੜ ਹੈ, ਤਾਂ ਜੁ ਉਹ 'ਸਿੱਖੀ' ਦਾ ਵਿਸੇਸ਼ ਕੇਂਦਰ ਬਣ ਸਕੇ ਅਤੇ ਸਾਡੇ ਬੱਚਿਆਂ ਵਿਚ 'ਸਿੱਖੀ ਜੀਵਨ' ਦੀ ਸੋਧ ਤੇ ਉਤਸ਼ਾਹ ਪੈਦਾ ਹੋ ਸਕੇ।

ਇਸ ਸਿੱਖੀ ਜੀਵਨ ਦੀ ਜਾਗ ਲਾਉਣ ਵਿਚ ਸਹਾਈ ਹੋਣ ਲਈ 'ਸੂਰਾ' ਮਾਸਕ ਪੱਤਰ ਦੇ ਅਨਗਿਣਤ ਸਜਣ ਪਾਠਕ ਸਵੇਰ ਦੇ ਨਿਤਨੇਮ ਜਾਂ ਸ਼ਾਮ ਦੇ ਸੋਦਰ ਦੇ ਪਾਠ ਉਪਰੰਤ ਘਰਾਂ ਵਿਚ ਅਥਵਾ ਦੀਵਾਨ-ਅਸਥਾਨਾਂ ਵਿਚ ਸਤਿਗੁਰੂ ਦੇ ਚਰਨਾਂ ਵਿਚ ਜੁੜ ਕੇ ਅਰਦਾਸ ਕਰਨ ਕਿ ਪਾਤਸ਼ਾਹ ਆਪਣੀ ਗੁਪਤ ਕਲਾ ਰਾਹੀਂ ਇਸ ਮਹਾਨ ਕਾਰਜ ਵਿਚ ਸਹਾਈ ਹੋ ਕੇ ਇਸਨੂੰ ਸੰਪੂਰਨ ਕਰਨ ਅਤੇ ਉਸ ਆਸ਼ਰਮ ਰਾਹੀਂ ਗੁਰ-ਸਿਖੀ ਦੀ ਸੁਗੰਧੀ ਦੇਸ਼ਾਂ ਬਦੇਸਾਂ ਵਿਚ ਫੈਲਾਉਣ ਦੀ ਬਖ਼ਸ਼ਸ਼ ਕਰਨ। ਪ੍ਰਾਰਥਕ—ਪ੍ਰੀਤਮ ਸਿੰਘ ਬਾਉਰਾ, ਯੂ.ਕੇ.

# ਸ਼ਹੀਦ ਭਾਈ ਫੌਜਾ ਸਿੰਘ ਜੀ ਦਾ ਜੀਵਨ

੧੩ ਅਪ੍ਰੈਲ ੧੯੭੮ ਵੈਸਾਖੀ ਵਾਲੇ ਦਿਨ ਨਕਲੀ ਨਿਰੰਕਾਰੀਆਂ ਵਲੋਂ ਹੋਏ ਖ਼ੂਨੀ ਸਾਕੇ ਦੇ ਮਹਾਨ ਸ਼ਹੀਦ ਭਾਈ ਫੌਜਾ ਸਿੰਘ ਜੀ ਦਾ ਜੀਵਨ ਛਾਪਣ ਲਈ ਪ੍ਰਦੇਸੀ ਵੀਰਾਂ ਦੀ ਤੀਬਰ ਇਛਾ ਹੈ। ਸਮੂਹ ਗੁਰਸਿਖ ਸੰਗਤਾਂ ਪਾਸ ਬਿਨੈ ਹੈ ਕਿ ਸ਼ਹੀਦ ਫੌਜਾ ਸਿੰਘ ਜੀ ਸਬੰਧੀ ਜੋ ਭੀ ਜਾਣਕਾਰੀ ਕਿਸੇ ਪਾਸ ਲਿਖਤੀ ਤੌਰ ਤੇ ਜਾਂ ਚਿਠੀਆਂ ਦੇ ਰੂਪ ਵਿਚ ਜਾਂ ਜ਼ਬਾਨੀ ਹੋਵੇ, ਉਹ ਹੇਠ ਲਿਖੇ ਪਤੇ ਭੇਜਣ ਦੀ ਕਿਰਪਾਲਤਾ ਕਰਨ ਜਾਂ ਆਪ ਮਿਲ ਕੇ ਦਸ ਦੇਣ। ਮਾ: ਜਸਵੰਤ ਸਿੰਘ ਜੀ, ੫੪੨—ਈਸਟ ਮੋਹਨ ਨਗਰ, ਸੁਲਤਾਨਵਿੰਡ ਗੇਟ, ਅੰਮ੍ਰਿਤਸਰ


www.AKJ.Org

# ਬਾਣੀ ਬਿਰਲਉ ਬੀਚਾਰਸੀ

[ ਵਲੋਂ—ਗਿਆਨੀ ਗੋਪਾਲ ਸਿੰਘ ਜੀ 'ਮਿੱਤਰ', ਮਾਲਬ (ਗੁੜਗਾਉਂ) ]

ਗੁਰਮਤਿ ਭਾਵਨਾ ਵਾਲੇ ਗੁਰਸਿਖਾਂ ਦੇ ਘਰਾਂ ਵਿਚ ਗੁਰਬਾਣੀ ਦਾ ਪਠਨ ਪਾਠਨ ਹੁੰਦਾ ਆਇਆ ਹੈ ਤੇ ਹੁੰਦਾ ਰਹੇਗਾ। ਸਾਹਿਬ ਸਤਿਗੁਰੂ ਅਰਜਨ ਦੇਵ ਜੀ ਨੇ ਸੂਹੀ ਰਾਗ ਵਿਚ ਫੁਰਮਾਇਆ ਹੈ—

ਘਰ ਮੰਦਰ ਹਟਨਾਲੇ ਸੋਹੇ
ਜਿਸੁ ਵਿਚਿ ਨਾਮੁ ਨਿਵਾਸੀ ਰਾਮ ॥

ਪੰਨਾ ੭੮੩

ਪਵਿਤਰ ਹਨ ਉਹ ਹਿਰਦੇ, ਮੁਬਾਰਕ ਹਨ ਉਹ ਮੁਖੜੇ ਜਿਨ੍ਹਾਂ ਦੁਆਰਾ ਗੁਰਬਾਣੀ ਧਿਆਈ ਤੇ ਗਾਈ ਜਾਂਦੀ ਹੈ। ਕਾਫ਼ੀ ਸਮੇਂ ਤੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸਮੱਗਰ ਬਾਣੀ ਦੇ ਪਾਠ (ਅਖੰਡ, ਸਪਤਾਹਕ ਜਾਂ ਸਧਾਰਨ) ਗੁਰਦੁਆਰਿਆਂ ਜਾਂ ਘਰਾਂ ਵਿਚ ਕਰਨ ਕਰਾਣ ਦੀ ਪਰਪਾਟੀ ਚਲਦੀ ਆਈ ਤੇ ਚਲ ਰਹੀ ਹੈ। ਇਹ ਸ਼ੁਭ ਕਾਰਜ ਹੈ। ਪਰ ਬਹੁਤਾ ਕਰ ਕੇ ਵੇਖਣ ਵਿਚ ਆਇਆ ਹੈ ਕਿ ਬਾਣੀ ਪੜ੍ਹਨ ਵਾਲੇ ਵਿਚਾਰ ਸਹਿਤ ਪਾਠ ਕਰ ਕੇ ਰਸ-ਲੀਨ ਹੋਣ ਦਾ ਜਤਨ ਨਹੀਂ ਕਰਦੇ। ਉਨ੍ਹਾਂ ਦੇ ਮੁਖ ਤੋਂ ਰਸਮੀ ਤੌਰ ਤੇ ਪਾਠ ਹੋ ਰਿਹਾ ਹੁੰਦਾ ਹੈ, ਰਸ ਨਹੀਂ ਉਪਜਦਾ। ਕਾਰਨ ਕੇਵਲ ਇਹੀ ਹੈ ਕਿ ਮਨ ਵਿਚ ਗੁਰਬਾਣੀ ਦੇ ਵੀਚਾਰ ਦੀ ਘਾਟ ਹੁੰਦੀ ਹੈ, ਕਿਉਂਕਿ ਅਰਥ ਬੋਧ ਵਲ ਰੁਚੀ ਨਹੀਂ ਹੁੰਦੀ।

ਬਾਣੀ ਸਾਰੀ ਮੰਗਲ-ਮਈ ਹੈ, ਰਸੀਲੀ ਤੇ ਮਿਠੀ ਹੈ, ਕਿਉਂਕਿ ਇਸ ਵਿਚ ਰੱਬ ਦਾ ਮਿੱਠਾ ਨਾਮ ਵਸਦਾ ਹੈ। ਫੁਰਮਾਨ ਹੈ—

ਇਹ ਬਾਣੀ ਜੋ ਜੀਅਹੁ ਜਾਣੈ
ਤਿਸੁ ਅੰਤਰਿ ਰਵੈ ਹਰਿ ਨਾਮਾ ॥੧॥ਰਹਾਉ॥

[ਬਿਲਾਵਲੁ ਮ: ੩, ਪੰਨਾ ੧੯੭-੯੮

ਫ਼ਰੀਦ ਜੀ ਨੇ ਇਸ ਰੱਬ ਦੇ ਨਾਂ ਨੂੰ ਜਗਤ ਦੇ ਸਾਰੇ ਪਦਾਰਥਾਂ ਨਾਲੋਂ ਮਿਠਾ ਤੇ ਰਸਦਾਇਕ ਅਨੁਭਵ ਕੀਤਾ ਹੈ—

ਫਰੀਦਾ ਸਕਰ ਖੰਡੁ ਨਿਵਾਤ ਗੁੜੁ ਮਾਖਿਉ
ਮਾਂਝਾ ਦੁਧੁ ॥ ਸਭੇ ਵਸਤੂ ਮਿਠੀਆਂ ਰਬ
ਨ ਪੁਜਨਿ ਤੁਧੁ ॥੨੭॥

ਸਲੋਕ, ਪੰਨਾ ੧੩੭੯

ਸੰਸਾਰ ਦਾ ਕੋਈ ਵੀ ਮਿੱਠਾ ਪਦਾਰਥ ਹੋਵੇ, ਜਦ ਤਕ ਉਸ ਨੂੰ ਮੂੰਹ ਵਿਚ ਰਖ ਕੇ ਉਸ ਦਾ ਸੁਆਦ ਨਾ ਮਾਣਿਆ ਜਾਵੇ, ਉਸ ਦੇ ਮਿਠੇ ਹੋਣ ਦੀ ਗੁਆਹੀ ਨਹੀਂ ਦਿਤੀ ਜਾ ਸਕਦੀ। ਕੇਵਲ ਖੰਡ, ਮਿਸਰੀ, ਗੁੜ ਆਦਿ ਦਾ ਨਾਂ ਲੈਣ ਨਾਲ ਮਿਠਾਸ ਦਾ ਪਤਾ ਨਹੀਂ ਚਲਦਾ। ਇਸੇ ਤਰ੍ਹਾਂ ਜਦ ਤਕ ਬਾਣੀ ਨੂੰ ਵੀਚਾਰ ਨਾਲ ਹਿਰਦਿਓਂ ਨਾ ਪੜ੍ਹਿਆ ਸੁਣਿਆ ਜਾਵੇ, ਤਦ ਤਕ ਨਾਮ ਰਸ ਲਈ ਉਤ-ਸ਼ਾਹ ਪ੍ਰਾਪਤ ਹੋਣਾ ਅਸੰਭਵ ਹੈ।

ਜ਼ਰੂਰਤ ਹੈ ਬਾਣੀ ਨੂੰ ਠਰ੍ਹੰਮੇ ਨਾਲ, ਵੀਚਾਰ ਦੁਆਰਾ ਸੁਰਤ ਨੂੰ ਇਕਾਗਰ ਕਰ ਕੇ ਪੜ੍ਹਨਾ ਤੇ ਬਾਣੀ ਦੀ ਹਰ ਤੁਕ ਤੋਂ ਸਮਝ ਦੁਆਰਾ ਅਗਵਾਈ ਪ੍ਰਾਪਤ ਕਰਨੀ, ਤਾਂ ਹੀ ਗੁਰਬਾਣੀ ਗੁਰ ਉਪਦੇਸ਼ ਦੁਆਰਾ ਅਮਲੀ ਜੀਵਨ ਜੀਣ ਦੀ ਸੇਧ ਪ੍ਰਾਪਤ ਹੋਵੇਗੀ।

ਬਾਣੀ ਤੇ ਨਾਮ ਓਤਿ ਪੋਤਿ ਹਨ। ਬਾਣੀ ਨਾਮ ਹੈ ਤੇ ਨਾਮ ਬਾਣੀ ਹੈ। ਬਾਣੀ ਦੇ ਉਪਦੇਸ਼ ਦੁਆਰਾ ਹੀ ਜੀਂਦਾ ਜੀਵਨ ਜੀਣ ਦੀ ਪ੍ਰੇਰਨਾ ਪ੍ਰਾਪਤ ਹੋਣੀ ਹੈ। ਜੇਕਰ ਬਾਣੀ ਹੀ ਵੀਚਾਰ ਨਾਲ ਨਾ ਪੜ੍ਹੀ ਸੁਣੀ ਗਈ ਤਾਂ ਉਸ ਦੇ ਅਰਥ-ਬੋਧ ਦੀ ਕਿਥੋਂ ਸੋਝੀ ਹੋਣੀ ਹੈ। ਜਿਸ ਗੱਲ ਦਾ ਮਤਲਬ ਹੀ ਸਮਝ ਵਿਚ ਨਾ ਆਵੇ ਉਹ ਗੱਲ ਹਮੇਸ਼ਾ ਲਈ ਬੇਲੋੜੀ



www.AKJ.Org

ਜਿਹੀ ਹੋ ਕੇ ਰਹਿ ਜਾਂਦੀ ਹੈ।

ਗੁਰਬਾਣੀ ਇਕ ਅਥਾਹ ਸਮੁੰਦਰ ਹੈ। ਇਸ ਵਿਚ ਦੈਵੀ ਸੰਪਦਾ ਦੇ ਗੁਣਾਂ ਰੂਪੀ ਹੀਰੇ, ਪੰਨੇ, ਰਤਨ, ਜਵਾਹਰ, ਨੀਲਮ, ਪੁਖਰਾਜ ਭਰੇ ਪਏ ਹਨ।

ਗੁਰੁ ਸਾਗਰੁ ਰਤਨੀ ਭਰਪੂਰੇ॥
ਅੰਮ੍ਰਿਤੁ ਸੰਤ ਚੁਗਹਿ ਨਹੀ ਦੂਰੇ॥

ਧਨਾਸਰੀ ਮ: ੧, ਪੰਨਾ ੬੮੫

ਲੋੜ ਹੈ ਵੀਚਾਰਵਾਨ ਹੋ ਕੇ ਚੁਭੀ ਮਾਰਨ ਦੀ। ਕੋਈ ਵੀ ਹੀਰੇ ਰਤਨ ਦਾ ਚਾਹਵਾਨ ਸਮੁੰਦਰ ਦੇ ਕੰਢੇ ਤੇ ਜਾ ਕੇ ਖੜਾ ਤਮਾਸ਼ਾ ਹੀ ਵੇਖਦਾ ਰਵੇ ਤਾਂ ਕੁਝ ਵੀ ਪੱਲੇ ਨਹੀਂ ਪੈਂਦਾ, ਖ਼ਾਲੀ ਸੈਰ ਕਰ ਕੇ ਹੀ ਵਾਪਸ ਆ ਜਾਵੇਗਾ। ਜਦ ਤਕ ਸਮੁੰਦਰ ਵਿਚ ਚੁਭੀ ਨਹੀਂ ਮਾਰੇਗਾ, ਕੁਝ ਪ੍ਰਾਪਤ ਨਹੀਂ ਹੋਣਾ। ਇਸੇ ਤਰ੍ਹਾਂ ਬਾਣੀ ਨੂੰ ਅੰਤਰ-ਆਤਮਿਓਂ ਵੀਚਾਰ ਨਾਲ ਨਾ ਪੜ੍ਹਿਆ ਸੁਣਿਆ ਜਾਵੇ, ਸਦ ਗੁਣਾਂ ਰੂਪੀ ਹੀਰੇ ਰਤਨ ਨਹੀਂ ਵਿਹਾਝੇ ਜਾ ਸਕਦੇ।

ਵੀਚਾਰ ਤੇ ਸਮਝ ਨਾਲ ਬਾਣੀ ਪੜ੍ਹਨ ਨਾਲ ਹੀ ਹਿਰਦੇ ਵਿਚ ਨਾਮ ਦਾ ਪ੍ਰਵੇਸ਼ ਹੋਵੇਗਾ। ਪ੍ਰਭੂ ਦੀ ਦਰਗਾਹ ਵਿਚ ਸੁਰਖ਼ਰੂ ਹੋ ਕੇ ਜਾਣ ਦੀ ਪ੍ਰਵਾਨਗੀ ਉਨ੍ਹਾਂ ਨੂੰ ਹੀ ਪ੍ਰਾਪਤ ਹੋਵੇਗੀ ਜੋ ਗੁਰਬਾਣੀ-ਵੀਚਾਰ ਦੁਆਰਾ ਨਾਮ ਦਾ ਤੋਸ਼ਾ ਪਲੇ ਬੰਨ੍ਹ ਕੇ ਲੈ ਜਾਣਗੇ। ਗੁਰਵਾਕ :—

ਜਿਨਾ ਅੰਦਰਿ ਨਾਮੁ ਨਿਧਾਨੁ ਹੈ ਗੁਰਬਾਣੀ
ਵੀਚਾਰਿ ॥ ਤਿਨ ਕੇ ਮੁਖ ਸਦ ਉਜਲੇ
ਤਿਤੁ ਸਚੈ ਦਰਬਾਰਿ ॥੧੫॥

ਸਲੋਕ ਮ: ੪, ਪੰਨਾ ੧੪੨੨

ਗੁਰਬਾਣੀ ਪਾਰਸ-ਕਲਾ ਹੈ, ਜੋ ਮਨ ਦੀਆਂ ਵਾਸ਼ਨਾਵਾਂ ਨੂੰ ਚੁੰਬਕ ਵਾਂਗ ਖਿਚ ਕੇ ਆਪਣੇ ਵਿਚ ਸਮੋ ਲੈਂਦੀ ਹੈ, ਮਨ ਨੂੰ ਕੰਚਨ ਵਤ ਕਰ ਦੇਂਦੀ ਹੈ ਤੇ ਸੁਰਤ ਨੂੰ ਨਿਜ ਘਰ ਵਾਸਾ ਬਖਸ਼ਦੀ ਹੈ। ਸਾਹਿਬ ਸ੍ਰੀ ਗੁਰੂ ਰਾਮਦਾਸ ਪਾਤਸ਼ਾਹ ਜੀ ਫ਼ੁਰਮਾਂਦੇ ਹਨ—

ਗੁਰਬਾਣੀ ਸੁਨਤ ਮੇਰਾ ਮਨੁ ਦ੍ਰਵਿਆ
ਮਨੁ ਭੀਨਾ ਨਿਜ ਘਰਿ ਆਵੈਗੋ ॥੩॥

ਕਾਨੜਾ ਮ: ੪, ਪੰਨਾ ੧੩੦੮

ਮਨ ਤੇ ਤਾਂ ਹੀ ਅਸਰ ਪਵੇ ਜੇ ਵੀਚਾਰ ਦੁਆਰਾ ਸਮਝ ਆਵੇ ਤੇ ਅਮੋੜ ਮਨ ਬਾਣੀ ਦੇ ਅਮੋਘ ਬਾਣਾਂ ਦੀ ਮਾਰ ਨਾ ਸਹਾਰਦਾ ਹੋਇਆ ਵਸ ਹੋ ਜਾਵੇ।

ਲੋੜ ਤਾਂ ਇਹ ਹੈ ਕਿ ਪਾਠ ਬੇਸ਼ਕ ਥੋੜਾ ਕੀਤਾ ਜਾਵੇ, ਪਰ ਜਿਤਨਾ ਕੀਤਾ ਜਾਵੇ ਵਿਚਾਰ ਤੇ ਸਮਝ ਨਾਲ ਹੋਵੇ। ਕੁਦਰਤੀ ਸਮੇਂ ਦਾ ਪ੍ਰਭਾਵ ਹੈ ਕਿ ਏਸ ਰਾਹ ਤੇ ਤੁਰਨ ਵਾਲੇ ਬਹੁਤ ਘਟ ਹੀ ਨਹੀਂ, ਵਿਰਲੇ ਹਨ। ਸਾਹਿਬ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਬਾਣੀ ਵਿਚ ਫ਼ੁਰਮਾਇਆ ਹੈ :—

ਬਾਣੀ ਬਿਰਲਉ ਬੀਚਾਰਸੀ ਜੇ ਕੋ
ਗੁਰਮੁਖਿ ਹੋਇ ॥ ਇਹ ਬਾਣੀ ਮਹਾ ਪੁਰਖ
ਕੀ ਨਿਜ ਘਰਿ ਵਾਸਾ ਹੋਇ ॥੪੦॥

ਰਾਮਕਲੀ ਮ: ੫, ਪੰ: ੯੩੫

ਸੋ ਮਹਾਂ ਪੁਰਖ ਸਤਿਗੁਰੂ ਦੀ ਚਰਨ ਸ਼ਰਨ ਵਿਚ ਢਹਿ ਕੇ ਬਾਣੀ ਨੂੰ ਵੀਚਾਰਿਆ ਜਾਏ, ਬਾਣੀ ਨਾਲ ਚਿਤ ਜੋੜਿਆ ਜਾਏ, ਬਾਣੀ ਵਿਚ ਰਸ-ਲੀਨ ਹੋ ਕੇ ਅਨੰਦ ਮਾਣਿਆ ਜਾਏ ਤਾਂ ਹੀ ਨਿਜ ਘਰ ਵਿਚ, ਨਿਜ ਸਰੂਪ ਵਿਚ, ਪ੍ਰਭੂ ਨਾਲ ਇਕ ਮਿਕ ਹੋ ਕੇ ਉਸ ਵਿਚ ਵਾਸਾ ਹੋ ਸਕਦਾ ਹੈ।

ਗੁਰਬਾਣੀ-ਵੀਚਾਰ ਦੀ ਅਣਹੋਂਦ ਹੀ ਮਨੁੱਖੀ ਮਨ ਵਿਚ ਅਸੁਰੀ ਭਾਵਨਾ ਪੈਦਾ ਕਰ ਕੇ ਜੀਵਨ ਨੂੰ ਵਲ ਛਲ, ਕਪਟ, ਝੂਠ ਫ਼ਰੇਬ ਦੇ ਰਾਹ ਤੇ ਲਿਜਾਂਦੀ ਹੈ। ਗੁਰਬਾਣੀ ਨੂੰ ਵੀਚਾਰ ਨਾਲ ਪਠਨ ਪਾਠਨ ਨਾਲ ਉਸ ਦੇ ਉਪਦੇਸ਼ ਤੇ ਅਮਲ ਕਰਨ ਨਾਲ ਨਫ਼ਰਤ, ਈਰਖਾ, ਨਿੰਦਿਆ, ਖ਼ੁਦੀ, ਬਖੀਲੀ ਆਦਿ ਅਵਗੁਣ ਸਭ ਨਸ ਜਾਂਦੇ ਹਨ ਤੇ ਇਨ੍ਹਾਂ ਦੀ ਥਾਂ ਤੇ ਮਨ ਵਿਚ ਦਇਆ, ਤਰਸ, ਖਿਮਾ, ਗਰੀਬੀ, ਮਾਨਵ-ਪਿਆਰ ਆਦਿ ਸਦਗੁਣ ਉਤਪੰਨ ਹੁੰਦੇ ਹਨ, ਜੋ ਮਨੁਖੀ ਮਨ ਦੀ ਅਮੋਲਕ ਪੂੰਜੀ ਹਨ।

"ਗੁਣ ਰਾਸਿ ਬੰਨਿ੍ ਪਲੈ ਆਨੀ ॥

ਆਸਾ ਮ: ੫, ਪੰ: ੩੭੨

ਗੁਣਾਂ ਦੀ ਰਾਸ ਇਹ ਬਾਣੀ ਅੰਮ੍ਰਿਤ ਭਰਪੂਰ ਹੈ। ਪਰ ਬਾਣੀ ਦੇ ਇਸ ਅੰਮ੍ਰਿਤ ਰਸ ਨੂੰ ਕੋਈ

[ਬਾਕੀ ਦੇਖੋ ਸਫ਼ਾ ੨੯ ਦੇ ਹੇਠ



www.AKJ.Org

# ਗੁਰਮਤਿ ਵਿਰੋਧੀ ਪ੍ਰਚਾਰ ਦੀ ਅਸਲੀਅਤ

'ਖ਼ਾਲਸਾ ਸਮਾਚਾਰ' ਅੰਮ੍ਰਿਤਸਰ ਨੇ "ਟੋਰੰਟੋ ਵਿਚ ਗੁਰਮਤਿ ਵਿਰੁਧ ਪ੍ਰਚਾਰ" ਸਿਰਲੇਖ ਹੇਠ ਜੋ ਗ਼ਲਤ ਤਸਵੀਰ ਪੇਸ਼ ਕੀਤੀ ਹੈ, ਉਸ ਦੇ ਉਤਰ ਵਿਚ ਖ਼ਾਲਸਾ ਸਮਾਚਾਰ ਦੇ ਨਾਂ ਇਕ ਪਤਰਕਾ ਲਿਖੀ ਗਈ ਹੈ, ਜੋ ਹੇਠਾਂ ਦਿਤੀ ਜਾ ਰਹੀ ਹੈ। —ਸੰਪਾਦਕ

ਮਾਨ ਯੋਗ ਸਰਦਾਰ ਜੀਉ,

ਸਾਨੂੰ ਇਹ ਵੇਖ ਕੇ ਹੈਰਾਨੀ ਹੋਈ ਹੈ ਕਿ ਆਪ ਜੈਸੇ ਸੂਝ ਬੂਝ ਵਾਲੇ ਸਜਣ ਨੇ ਵੀ, ਬਿਨਾਂ ਅਸਲੀਅਤ ਜਾਣੇ ਦੇ 'ਖ਼ਾਲਸਾ ਸਮਾਚਾਰ' **੨੮ ਦਸੰਬਰ** ੧੯੭੮ ਵਿਚ ਖਬਰ ਛਾਪ ਦਿਤੀ ਹੈ ਕਿ—ਭਾਈ ਜੀਵਨ ਸਿੰਘ ਦਾ ਪ੍ਰਸ਼ਾਦ ਤੇ ਲੰਗਰ ਦਾ ਪ੍ਰਵਾਨ ਨਾ ਕਰਨਾ ਗੁਰਮਤਿ ਵਿਰੁਧ ਹੈ।

ਕੀ ਆਪ ਜੀ ਨੇ ਇਸ ਨੂੰ ਛਾਪਣ ਤੋਂ ਪਹਿਲਾਂ ਇਹ ਜਾਣਨ ਦੀ ਕੋਸ਼ਸ਼ ਕੀਤੀ ਹੈ ਕਿ ਭਾਈ ਜੀਵਨ ਸਿੰਘ ਜੀ ਕਿਉਂ ਕੈਨੇਡਾ ਵਿਚ ਪਰਚਾਰ ਕਰਦਿਆਂ ਉਨ੍ਹਾਂ ਲੋਕਾਂ ਦੇ ਲੰਗਰ ਵਿਚ ਪਰਸ਼ਾਦ ਨਹੀਂ ਛਕਦੇ।

ਬੇਨਤੀ ਹੈ ਕਿ ਗੁਰਮਤਿ ਰਹਿਤ ਮਰਯਾਦਾ ਅਨੁਸਾਰ ਪਤਿਤ ਜਾਂ ਬੇ-ਅੰਮ੍ਰਿਤੀਏ ਦਾ ਸਜਾਇਆ ਲੰਗਰ ਪਰਵਾਨ ਨਹੀਂ ਤੇ ਅਜਿਹਾ ਪਕਵਾਨ "ਗੁਰੂ ਕਾ ਲੰਗਰ" ਨਹੀਂ ਸਦਵਾ ਸਕਦਾ।

"ਨਿਰਗੁਣੀਆਰਾ" ੧੯੭੭ ਵਿਚ ਪ੍ਰੋਫੈਸਰ ਪੂਰਨ ਸਿੰਘ ਜੀ ਦਾ ਇਕ ਲੇਖ "ਸਤਿਗੁਰਾਂ ਦਾ ਇਲਾਹੀ ਲੰਗਰ" ਛਪਿਆ ਸੀ, ਜਿਸ ਵਿਚ ਉਹ ਲਿਖਦੇ ਹਨ —

"ਬਾਬੇ ਦੇ ਲੰਗਰ ਵਿਚ ਜਾਤ ਪਾਤ ਦੀ ਬਾਵਲੀ ਧੋਬੀਆਂ ਵਾਲੀ ਛੂ ਛਾਂ ਨਹੀਂ, ਪਰ ਇਹ ਲੰਗਰ ਆਮ ਦ੍ਰਿਸ਼ਟੀ ਥੀਂ ਛਪਨ ਲੰਗਰ ਹੈ, ਇਹ ਬਾਦਸ਼ਾਹ ਦਾ ਲੰਗਰ ਹੈ,

---

[ ਸਫਾ ੨੫ ਦੀ ਬਾਕੀ ]

ਵਿਰਲਾ ਹਿਰਦੇ ਵਿਚ ਵਸਾਂਦਾ ਹੈ। ਗੁਰਬਾਣੀ ਵਿਚ ਇਸ ਦੀ ਗਵਾਹੀ ਮਿਲਦੀ ਹੈ—

ਅੰਮ੍ਰਿਤ ਬਾਣੀ ਗੁਰ ਕੀ ਮੀਠੀ ॥
ਗੁਰਮੁਖਿ ਵਿਰਲੈ ਕਿਨੈ ਚਖਿ ਡੀਠੀ ॥
ਅੰਤਰਿ ਪਰਗਾਸੁ ਮਹਾ ਰਸੁ ਪੀਵੈ
ਦਰਿ ਸਚੈ ਸਬਦੁ ਵਜਾਵਣਿਆ ॥੮॥

ਮਾਝ ਮ: ੩, ਪੰਨਾ ੧੧੩-੧੪

ਜਦੋਂ ਕੋਈ ਵਿਰਲਾ ਗਿਆਨ-ਵੀਚਾਰ ਸਹਿਤ ਅੰਮ੍ਰਿਤ-ਬਾਣੀ ਦੇ ਗਟਾਕ ਰਸ ਲੈ ਲੈ ਕੇ ਅੰਮ੍ਰਿਤ-ਬਾਣੀ ਦੇ ਅੰਮ੍ਰਿਤ ਨੂੰ ਅੰਤਰ ਆਤਮੇ ਭੁੰਚਦਾ ਹੈ, ਫਿਰ ਉਸ ਦੀ ਜਿਹਬਾ ਤੋਂ ਬਾਣੀ ਦੇ ਪਾਠ ਦੇ ਜੋ ਵੀ ਅੰਮ੍ਰਿਤ ਬਚਨ ਸ੍ਰੋਤਿਆਂ ਦੇ ਕੰਨੀਂ ਪੈਣਗੇ, ਉਹ ਅੰਮ੍ਰਿਤ ਬਚਨ ਅਣਿਆਲੇ ਤੀਰ ਹੋ ਕੇ ਹਿਰਦੇ ਵਿੰਨ੍ਹੀ ਜਾਣਗੇ। ਜਿਵੇਂ ਗੁਰਵਾਕ—

ਹਰਿ ਪ੍ਰੇਮ ਬਾਣੀ ਮਨੁ ਮਾਰਿਆ
ਅਣੀਆਲੇ ਅਣੀਆ ਰਾਮ ਰਾਜੇ ॥

ਆਸਾ ਮ: ੪, ਪੰਨਾ ੪੪੯

ਇਹ ਬਾਣੀ ਦੇ ਅਣਿਆਲੇ ਤੀਰ ਤਦ ਹੀ ਹਿਰਦੇ ਨੂੰ ਪੁੜਨਗੇ ਜੇ ਅਸੀਂ ਬਾਣੀ ਨੂੰ ਪਰਤੀਤ ਕਰਾਂਗੇ ਤੇ ਪਰਤੀਤ ਤਦ ਹੀ ਹੋ ਸਕੇਗੀ, ਜੇ ਬਾਣੀ ਦੀ ਸੋਝੀ ਹੋਵੇਗੀ, ਬਾਣੀ ਦੀ ਵੀਚਾਰ ਹੋਵੇਗੀ। ਬਸ ਸੋਝੀ ਪਰਤੀਤ ਸਹਿਤ ਗਾਵੀਂ ਸੁਣੀ ਬਾਣੀ ਹੀ ਸਫਲ ਤੇ ਸੁਖਦਾਈ ਹੋਵੇਗੀ। ਇਸ ਤਰ੍ਹਾਂ—

ਗੁਰਬਾਣੀ ਗਾਵਹੁ ਭਾਈ ॥
ਓਹ ਸਫਲ ਸਦਾ ਸੁਖਦਾਈ ॥

ਸੋਰਠਿ ਮ: ੫, ਪੰਨਾ ੬੨੮-੨੮



www.AKJ.Org

ਇਥੇ ਲੰਡੀ ਬੁਚੀ ਪਰ ਨਹੀਂ ਮਾਰ ਸਕਦੀ ।...... 'ਤਿਥੈ ਜੋਧ ਮਹਾ ਬਲ ਸੂਰ।' ਗੁਰੂ ਕੇ ਸਿੰਘ ਤਿਆਰ ਬਰ ਤਿਆਰ ਕਮਰ-ਕਸੇ ਸਿਪਾਹੀ ਹਨ।'' ਆਦਿ।

ਇਸ ਲਿਖਤ ਦਾ ਭਾਵ ਇਹੋ ਹੀ ਹੈ ਕਿ ਗੁਰੂ ਕੇ ਲੰਗਰ ਦੀ ਪੰਗਤ ਵਿਚ ਕੋਈ ਜਾਤ ਪਾਤ ਆਦਿ ਕਿਸੇ ਕਿਸਮ ਦੇ ਵਿਤਕਰੇ ਨਹੀਂ। ਪਰ ਲੰਗਰ ਸਜਾਣ ਲਈ ਵਿਸ਼ੇਸ਼ ਗੁਰ ਮਰਯਾਦਾ ਹੈ, ਹਰ ਕੋਈ ਲੰਗਰ ਸਜਾਉਣ ਵਿਚ ਹਿਸਾ ਨਹੀਂ ਲੈ ਸਕਦਾ। ਇਸ ਕਾਰਜ ਲਈ ਗੁਰੂ ਵਾਲੇ ਹੋਣਾ ਅਥਵਾ ਅੰਮ੍ਰਿਤ-ਧਾਰੀ ਹੋਣਾ ਜ਼ਰੂਰੀ ਹੈ।

ਗੁਰੂ ਕਾ ਲੰਗਰ ਉਹ ਹੈ ਜਿਥੇ ਪ੍ਰਸ਼ਾਦ ਦੇ ਸਜਾਵੇ ਤੇ ਵਰਤਾਵੇ ਗੁਰੂ ਕੇ ਸਿੰਘ ਹੋਣ। ''ਵੇਦੀਨ ਕੀ ਦੋਸਤੀ ਵੇਦੀਨਾ ਕਾ ਖਾਣੁ'' ਗੁਰੂ-ਹੁਕਮ ਅਨੁਸਾਰ ਬੇਦੀਨਾਂ ਦਾ ਖਾਣ ਗੁਰਮਤਿ ਅੰਦਰ ਵਿਵਰਜਤ ਹੈ। ਸਿਖ ਰਹਿਤ ਮਰਯਾਦਾ ਅਨੁਸਾਰ ਸਿਖ ਦੀ ਰੋਟੀ ਬੇਟੀ ਦੀ ਸਾਂਝ ਸਿਖ ਨਾਲ ਹੀ ਹੋ ਸਕਦੀ ਹੈ।

ਸਾਨੂੰ ਪਤਾ ਲਗਾ ਹੈ ਕਿ ਭਾਈ ਜੀਵਨ ਸਿੰਘ ਜੀ ਨੇ ਆਪਣੇ ਪਿਛਲੇ ਸਾਲ ਦੇ ਕੈਨੇਡਾ ਦੇ ਪਰਚਾਰ-ਦੌਰੇ ਸਮੇਂ ਇਕ ਗੁਰਦੁਆਰਾ ਸਾਹਿਬ ਵਿਖੇ ਕੀਰਤਨ ਕੀਤਾ। ਕੀਰਤਨ ਉਪਰੰਤ ਉਸ ਕਮੇਟੀ ਦਾ ਪਰਧਾਨ ਭਾਈ ਸਾਹਿਬ ਨੂੰ ਸਿਰੋਪਾ ਦੇਣ ਲਗਾ। ਉਹ ਪਰਧਾਨ ਕੇਸ ਦਾੜ੍ਹੇ ਨੂੰ ਜੁਆਬ ਦੇ ਚੁਕਾ ਪਤਿਤ ਸਿਖ ਸੀ। ਭਾਈ ਸਾਹਿਬ ਜੀ ਨੇ ਦੀਵਾਨ ਵਿਚ ਬੇਨਤੀ ਕੀਤੀ ਕਿ ਦਾਸ ਇਕ ਪਤਿੱਤ ਸਿਖ ਦੇ ਹੱਥੋਂ ਸਿਰੋਪਾ ਨਹੀਂ ਲੈ ਸਕਦਾ, ਦਾਸ ਨੂੰ ਇਸ ਲਈ ਖਿਮਾਂ ਕੀਤਾ ਜਾਵੇ।

ਕੈਨੇਡਾ ਵਿਚ ਪਤਿਤਪੁਣੇ ਦੀ ਬੀਮਾਰੀ ਬਹੁਤ ਹੈ ਅਤੇ ਉਥੋਂ ਦੇ ਕਈ ਗੁਰਦੁਆਰਿਆਂ ਦੇ ਪਰਬੰਧਕ ਸਿਖੀ ਤੋਂ ਪਤਿਤ ਹਨ। ਇਨ੍ਹਾਂ ਹਾਲਾਤ ਵਿਚ ਜੇ ਭਾਈ ਜੀਵਨ ਸਿੰਘ ਜੀ ਨੇ ਪਤਿਤ ਵਿਅਕਤੀਆਂ ਦੇ ਤਿਆਰ ਕੀਤੇ ਪਕਵਾਨ ਨੂੰ ਛਕਣ ਤੋਂ ਨਾਂਹ ਕੀਤੀ ਹੋਵੇ ਤਾਂ ਇਹ ਗੁਰੂ ਦੇ ਹੁਕਮਾਂ ਨੂੰ ਬਜਾਉਣਾ ਹੈ। ਕੀ ਗੁਰਮਤਿ-ਰਹਿਤ ਤੇ ਕਾਇਮ ਰਹਿਣਾ ਅਥਵਾ ਗੁਰੂ ਕੀ ਆਗਿਆ ਦਾ ਪਾਲਣ ਕਰਨਾ ਜੁਰਮ ਹੈ?

ਜੇ ਸਾਡੇ ਬਾਕੀ ਪਰਚਾਰਕ ਤੇ ਰਾਗੀ ਲਬ-ਲੋਭ ਦੀ ਭਾਵਨਾ ਅਧੀਨ ਉਨ੍ਹਾਂ ਦੇਸ਼ਾਂ ਦੇ ਸ਼ਰਾਬੀ ਕਬਾਬੀ ਅਤੇ ਪਤਿਤ ਵਿਅਕਤੀਆਂ ਦੇ ਬਣਾਏ ਪਕਵਾਨ ਛਕ ਆਉਂਦੇ ਹਨ ਤਾਂ ਇਸ ਦਾ ਇਹ ਅਰਥ ਨਹੀਂ ਹੋ ਸਕਦਾ ਕਿ ਜੋ ਗੁਰਮਤਿ ਰਹਿਤ ਰਹਿਣੀ ਵਿਚ ਰਹਿੰਦਾ ਐਸਾ ਭੋਜਨ ਛਕਣ ਤੋਂ ਇਨਕਾਰੀ ਹੋਵੇ, ਉਸ ਦੇ ਬਰਖ਼ਿਲਾਫ਼ ਭੰਡੀ-ਪਰਚਾਰ ਸ਼ੁਰੂ ਕਰ ਦਿਤਾ ਜਾਵੇ। ਪਤਿਤ ਵਿਅਕਤੀਆਂ ਅਤੇ ਉਹਨਾਂ ਦੇ ਸਮਰੱਥਕਾਂ ਤੋਂ ਤਾਂ ਅਜਿਹੀ ਆਸ ਕੀਤੀ ਜਾ ਸਕਦੀ ਹੈ, ਪਰ ਪੰਥਕ ਅਖ਼ਬਾਰ ਅਜਿਹਾ ਭੰਡੀ ਪਰਚਾਰ ਕਰਨ, ਇਹ ਸਮਝ ਤੋਂ ਪਰੇ ਹੈ।

ਅਫ਼ਸੋਸ ਹੈ ਕਿ ਆਪ ਨੇ ਅਸਲੀਅਤ ਨੂੰ ਜਾਣਨ ਦੀ ਕੋਸ਼ਸ਼ ਨਹੀਂ ਕੀਤੀ ਕਿ ਭਾਈ ਜੀਵਨ ਸਿੰਘ ਉਥੇ ਕਿਵੇਂ ਲੋਭ-ਲਾਲਚ ਰਹਿਤ ਹੋ ਕੇ ਨਿਰਮਾਣ ਰਹਿ ਕੇ ਸਹੀ ਅਰਥਾਂ ਵਿਚ ਗੁਰਸਿਖੀ ਦਾ ਪਰਚਾਰ ਕਰ ਰਿਹਾ ਹੈ।

ਸੋ ਬੇਨਤੀ ਹੈ ਕਿ ਆਪ ਜੀ ਇਸ ਅਸਲੀਅਤ ਨੂੰ ਜਾਣਨ ਦੀ ਕੋਸ਼ਸ਼ ਕਰੋ। ਤੇ ਸੰਗਤਾਂ ਨੂੰ ਅਸਲੀਅਤ ਅਤੇ ਗੁਰਮਤਿ ਤੋਂ ਜਾਣੂ ਕਰਾਉ।

—ਸੂਰਾ ਪਰਵਾਰ



www.AKJ.Org

ਇਸੇ ਸੰਬੰਧ ਵਿਚ ਇਕ ਹੋਰ ਪਤਰਕਾ ਸ: ਹਰਮਹਿੰਦਰ ਸਿੰਘ ਗੋਬਿੰਦਪੁਰੀ ਨੇ ਖਾਲਸਾ ਸਮਾਚਾਰ ਨੂੰ ਭੇਜੀ ਹੈ, ਜਿਸ ਦਾ ਉਤਾਰਾ ਅਗਲੀਆਂ ਸਤਰਾਂ ਵਿਚ ਹਾਜ਼ਰ ਹੈ। —ਸੰਪਾਦਕ

ਪਰਮ ਸਤਿਕਾਰ ਯੋਗ ਪ੍ਰਿੰਸੀਪਲ ਮਨਜੀਤ ਸਿੰਘ ਜੀਉ,

ਵਾਹਿਗੁਰੂ ਜੀ ਕਾ ਖਾਲਸਾ
ਵਾਹਿਗੁਰੂ ਜੀ ਕੀ ਫਤਹ।

'ਖਾਲਸਾ ਸਮਾਚਾਰ' ਦੇ ਮਿਤੀ ੨੮ ਦਸੰਬਰ ੧੯੭੮ ਦੇ ਪੇਜ ੨ ਤੇ ਗੁਰਮਤ ਵਿਰੋਧੀ ਪ੍ਰਚਾਰ ਦੇ ਸਿਰਲੇਖ ਹੇਠ ਆਪ ਜੀ ਨੇ ਟੋਰੰਟੋ ਕਨੇਡਾ ਤੋਂ ਕਿਸੇ ਸਜਨ ਦਾ ਪੱਤਰ ਤੇ ਉਥੋਂ ਦੇ ਹੀ ਸਥਾਨਕ ਅਖ਼ਬਾਰ 'ਪਰਦੇਸੀ ਪੰਜਾਬ' ਕੀ ਕਟਿੰਗ ਛਾਪੀ ਹੈ। ਇਸ ਵਿਚ ਤਖ਼ਤ ਸ੍ਰੀ ਪਟਨਾ ਸਾਹਿਬ ਦੇ ਹਜ਼ੂਰੀ ਰਾਗੀ ਭਾਈ ਸਾਹਿਬ ਜੀਵਨ ਸਿੰਘ ਤੇ ਇਹ ਦੋਸ਼ ਲਗਾਇਆ ਗਿਆ ਹੈ ਕਿ ਗੁਰਦੁਆਰੇ ਵਿਚ ਗੁਰੂ ਹਜ਼ੂਰ ਵਰਤੀਂਦਾ ਕੜਾਹ ਪ੍ਰਸ਼ਾਦ ਨਹੀਂ ਲੈਂਦੇ ਤੇ ਗੁਰੂ ਕਾ ਲੰਗਰ ਵੀ ਨਹੀਂ ਛਕਦੇ। ਇਹ ਵੀ ਕਿਹਾ ਗਿਆ ਹੈ ਕਿ ਉਹ ਨਵੀਂ ਤਰ੍ਹਾਂ ਦਾ ਅੰਮ੍ਰਿਤ-ਸਿੰਚਾਰ ਕਰਦੇ ਹਨ, ਜੋ ਕਿ ਪੰਥਕ ਲੀਹਾਂ ਤੋਂ ਹਟਵਾਂ ਹੈ। ਇਸ ਸਬੰਧ ਵਿਚ ਆਪ ਜੀ ਦੇ ਅਨਮੋਲ ਵਿਚਾਰ ਵੀ ਦਾਸ ਨੇ ਵੇਖੇ, ਜਿਨ੍ਹਾਂ ਵਿਚ ਉਠਾਏ ਗਏ ਅਨੇਕਾਂ ਨੁਕਤਿਆਂ ਨਾਲ ਹਰ ਇਕ ਗੁਰੂ ਨਾਨਕ ਲੇਵਾ ਸਹਿਮਤ ਹੋਵੇਗਾ ਜਿਵੇਂ ਕਿ ਆਪ ਜੀ ਨੇ ਲੰਗਰ ਵਿਚ ਪਰਸ਼ਾਦ ਛਕਣ ਬਾਰੇ ਇਤਿਹਾਸਕ ਪਰਮਾਣ ਦੇ ਕੇ ਸਿਧ ਕੀਤਾ ਹੈ।

ਪਰ ਭਾਈ ਜੀਵਨ ਸਿੰਘ ਹੋਰਾਂ ਉਤੇ ਜਿਸ ਪਾਠਕ ਨੇ ਅਤੇ ਪਰਦੇਸੀ ਅਖਬਾਰ ਨੇ ਜੋ ਦੋਸ਼ ਲਾਏ ਹਨ ਉਹ ਉਨ੍ਹਾਂ ਜਿਹੇ ਨਾਮ ਰਸੀਏ ਤੇ ਸਿਦਕੀ ਸਿਖ ਪ੍ਰਤੀ ਸਰਾਸਰ ਅਨਿਆਂ ਹੈ। ਇਹ ਸਭ ਕੁਝ ਜਾਣ ਬੁਝ ਕੇ ਕੀਤਾ ਗਿਆ ਜਾਪਦਾ ਹੈ। ਦਾਸ ਜ਼ਾਤੀ ਰੂਪ ਵਿਚ ਭਾਈ ਸਾਹਿਬ ਨੂੰ ਚੰਗੀ ਤਰ੍ਹਾਂ ਜਾਣਦਾ ਹੈ ਅਤੇ ਉਨ੍ਹਾਂ ਨਾਲ ਅਨੇਕਾਂ ਮੌਕਿਆਂ ਤੇ ਨਾਲ ਰਹਿਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਭਾਈ ਸਾਹਿਬ ਕੜਾਹ ਪਰਸ਼ਾਦ ਦੀ ਦੇਗ ਅਤੇ ਗੁਰੂ ਕਾ ਲੰਗਰ ਹਰ ਗੁਰਦਵਾਰੇ ਵਿਚੋਂ ਬਿਨਾਂ ਕਿਸੇ ਭਿੰਨ-ਭੇਦ ਦੇ ਛਕਦੇ ਹਨ। ਅਜਿਹਾ ਮੈਂ ਉਨ੍ਹਾਂ ਨਾਲ ਰਹਿ ਕੇ ਅਨੇਕਾਂ ਮੌਕਿਆਂ ਤੇ ਪਰਤੱਖ ਵੇਖਿਆ ਹੈ। ਇਥੇ ਪਿਛੇ ਜਿਹੇ ਸਥਾਨਕ ਇਤਿਹਾਸਕ ਗੁਰਦਵਾਰੇ ਸ੍ਰੀ ਚਰਨ ਕੰਵਲ ਬੰਗਾ ਵਿਚ ਇਕ ਦੀਵਾਨ ਵਿਚ ਉਨ੍ਹਾਂ ਨੇ ਗੁਰੂ ਕਾ ਪਰਸ਼ਾਦ ਤੇ ਲੰਗਰ ਸ਼ਰਧਾ ਪੂਰਵਕ ਗ੍ਰਹਿਣ ਕੀਤੇ ਸਨ। ਇਸ ਤਰ੍ਹਾਂ ਇਹ ਇਲਜ਼ਾਮ ਇਕ ਸ਼ਰਧਾਵਾਨ ਸਿਖ ਉਤੇ ਲਗਾਣਾ ਕਿ ਉਹ ਗੁਰੂ ਕਾ ਪਰਸ਼ਾਦ ਨਹੀਂ ਛਕਦੇ, ਇਹ ਉਸ ਮਹਾਨ ਸਿਦਕੀ ਕੀਰਤਨੀਏ ਸਿੰਘ ਦੀ ਤੌਹੀਨ ਹੈ। ਸਬੰਧਤ ਸਜਣ ਤੇ ਅਖਬਾਰ ਅਣਜਾਣੇ ਹੀ ਸਚਾਈ ਨੂੰ ਛੁਪਾਣ ਦਾ ਜਾਂ ਅੱਖੋਂ ਪਰੋਖੇ ਕਰ ਗਏ ਜਾਪਦੇ ਹਨ।

ਦਾਸ ਨੂੰ ਬਾਹਰੋਂ ਆਏ ਅਨੇਕਾਂ ਸਿੰਘਾਂ ਪਾਸੋਂ ਇਹ ਜਾਣਕਾਰੀ ਮਿਲੀ ਹੈ ਕਿ ਕੈਨੇਡਾ, ਇੰਗਲੈਂਡ ਆਦਿ ਸਥਾਨਾਂ ਤੇ ਅਨੇਕਾਂ ਗੁਰਦਵਾਰਿਆਂ ਵਿਚ ਭਾਰੀ ਮਨਮੱਤਿ ਚਲ ਰਹੀ ਹੈ। ਇਹਨਾਂ ਦੇ ਪਰਬੰਧਕ ਦਾੜ੍ਹੀ ਕੇਸਾਂ ਤੋਂ ਪਤਿਤ, ਹਰ ਤਰ੍ਹਾਂ ਦੇ ਮਾਸ ਸ਼ਰਾਬ ਦੇ ਰਸੀਏ ਹਨ। ਅਨੇਕਾਂ ਗੁਰਦਵਾਰਿਆਂ ਵਿਚ ਗੁਰਮਤਿ ਤੋਂ ਉਲਟ ਐਸੇ ਕਾਰਜ ਹੁੰਦੇ ਹਨ ਜੋ ਕਿ ਇਕ ਗੁਰਸਿਖ ਲਈ ਸਹਿਣ ਕਰਨੇ ਮੁਸ਼ਕਲ ਹੁਨ। ਅਜਿਹੇ ਗੁਰਦਵਾਰਿਆਂ ਵਿਚ ਪਰਸ਼ਾਦ ਤੇ ਲੰਗਰ ਇਹ ਪਤਿਤ ਵਿਅਕਤੀ ਹੀ ਤਿਆਰ ਕਰਦੇ ਹਨ, ਜੋ ਕਿ ਕਿਸੇ ਵੀ ਤਰ੍ਹਾਂ ਗੁਰਸਿਖੀ ਰਹਿਣੀ ਬਹਿਣੀ ਵਿਚ ਪਰਵਾਨ ਨਹੀਂ। ਗੁਰੂ ਮਹਾਰਾਜ ਦਾ ਹੁਕਮ ਹੈ—

ਰਹਿਣੀ ਰਹੇ ਸੋਈ ਸਿਖ ਮੇਰਾ। ਉਹ ਸਾਹਿਬ ਮੈ ਉਸ ਕਾ ਚੇਰਾ।

ਗੁਰੂ ਸਾਹਿਬ ਨੇ ਸਿਖ ਨਾਲੋਂ ਵੀ ਜ਼ਿਆਦਾ ਉਸ ਦੀ ਰਹਿਤ ਨੂੰ ਸਤਿਕਾਰਿਆ ਹੈ ਅਤੇ ਆਪਣੇ ਅਜਿਹੇ



www.AKJ.Org

ਸਿਦਕੀ, ਧਰਮੀ ਆਸ਼ਕਾਂ ਨੂੰ ਸਤਿਕਾਰਿਆ ਹੈ ਜੋ ਸਤਿਗੁਰੂ ਦੇ ਹੁਕਮੀ ਬੰਦੇ ਹਨ। ਭਾਈ ਜੀਵਨ ਸਿੰਘ ਜਿਹੇ ਨਾਮ ਰਸੀਏ, ਗੁਰੂ ਪਿਆਰੇ ਤੇ ਗੁਰਬਾਣੀ ਦੇ ਮੁਰੀਦ ਸਿੰਘ ਅਜਿਹੇ ਸਥਾਨਾਂ ਤੇ ਪਰਸ਼ਾਦ ਗ੍ਰਹਿਣ ਕਰਨ, ਇਹ ਵਿਚਾਰਨ ਯੋਗ ਹੈ। ਗੁਰੂ ਮਤਿ ਦੇ ਧਾਰਨੀ ਸਿਖ, ਗੁਰਦਵਾਰਿਆਂ ਵਿਚ ਅਜਿਹੀ ਮਨਮਤਿ ਕਦ ਤਕ ਬਰਦਾਸ਼ਤ ਕਰਦੇ ਰਹਿਣਗੇ ? ਜੋ ਪਰਸ਼ਾਦ ਤੇ ਲੰਗਰ ਗੁਰੂ ਕੇ ਸਿਖਾਂ ਦਵਾਰਾ ਤਿਆਰ ਹੀ ਨਹੀਂ ਕੀਤਾ ਗਿਆ, ਉਹ ਗੁਰੂ ਕਾ ਲੰਗਰ ਅਖਵਾ ਹੀ ਨਹੀਂ ਸਕਦਾ, ਇਸ ਲਈ ਗੁਰੂ ਦੇ ਸਿਖਾਂ ਉਤੇ ਉਸਨੂੰ ਗ੍ਰਹਿਣ ਕਰਨ ਦੀ ਬੰਦਸ਼ ਲਾਣੀ ਗੁਰੂ-ਹੁਕਮਾਂ ਤੋਂ ਬੇਮੁਖ ਹੋਣਾ ਹੋਵੇਗਾ।

ਕਿਰਪਾ ਕਰਕੇ ਆਪ ਜੀ ਆਪਣੇ ਇਸ ਪਾਠਕ ਤੇ ਅਖਬਾਰ ਪਾਸੋਂ ਇਹ ਪਤਾ ਕਰਨ ਦਾ ਯਤਨ ਕਰੋ ਕਿ ਜਿਨ੍ਹਾਂ ਗੁਰਦਵਾਰਿਆਂ ਵਿਚ ਭਾਈ ਸਾਹਿਬ ਨੇ ਪਰਸ਼ਾਦ ਨਹੀਂ ਛਕਿਆ ਉਥੇ ਪਰਸ਼ਾਦ ਤੇ ਲੰਗਰ ਕੀ ਸਿੰਘਾਂ ਦਵਾਰਾ ਹੀ ਤਿਆਰ ਹੁੰਦਾ ਹੈ ਜਾਂ ਕਿ ਹਰ ਤਰ੍ਹਾਂ ਦੇ ਮਨਮਤੀਆਂ ਨੂੰ ਤਿਆਰ ਕਰਨ ਦੀ ਪੂਰੀ ਖੁਲ੍ਹ ਹੈ। ਸੱਚਾਈ ਆਪੇ ਹੀ ਆਪ ਜੀ ਦੇ ਸਾਹਮਣੇ ਆ ਜਾਵੇਗੀ।

ਬਾਕੀ ਰਹੀ ਅੰਮ੍ਰਿਤ-ਸਿੰਚਾਰ ਵਖਰੇ ਢੰਗ ਦਾ ਕਰਨ ਬਾਰੇ। ਇਹ ਵੀ ਗੁਰੂ ਪਿਆਰਿਆਂ ਉਤੇ ਗ਼ਲਤ ਇਲਜ਼ਾਮ ਲਗਾਇਆ ਗਿਆ ਹੈ। ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸਹਯੋਗੀ ਸਿੰਘ ਆਦਿ ਗੁਰ ਮਰਯਾਦਾ ਅਨੁਸਾਰ, ਪੂਰਨ ਗੁਰਮਤਿ ਵਿਧੀ ਅਨੁਸਾਰ ਅੰਮ੍ਰਿਤ-ਸਿੰਚਾਰ ਕਰਦੇ ਹਨ। ਵਰਤਮਾਨ ਸਮੇਂ ਵਿਚ ਪੰਥਕ ਜਥੇਬੰਦੀਆਂ ਨੇ ਮਰਯਾਦਾ ਨੂੰ ਹਲਕੀ ਤੇ ਹਰ ਇਕ ਲਈ ਮਨ-ਭਾਉਣੀ ਕਰਨ ਲਈ ਅਨੇਕਾਂ ਰਹਿਤਾਂ ਵਿਚ ਮਨਮਰਜ਼ੀ ਦੀਆਂ ਤਬਦੀਲੀਆਂ ਕਰ ਦਿਤੀਆ ਹਨ। ਜਿਵੇਂ ਕਿ ਬੀਬੀਆਂ ਦੀ ਦਸਤਾਰ ਬਿਲਕੁਲ ਉਡਾ ਦਿਤੀ ਗਈ ਹੈ, ਜਦ ਕਿ ਪਿਛਲੇ ਸਮੇਂ ਵ੍ਹਿਚ ਬੀਬੀਆਂ ਲਈ ਸਿਰਾਂ ਤੇ ਦਸਤਾਰ ਸਜਾਉਣੀ ਲਾਜ਼ਮੀ ਸੀ। ਪਿਛਲੇ ਦਸੰਬਰ ੭੯ ਦੇ 'ਸੂਰਾ' ਮਾਸਕ ਵਿਚ ਸ਼ਰੋਮਣੀ ਕਮੇਟੀ ਦੇ ਰੀਸਰਚ ਸਕਾਲਰ ਸ: ਸ਼ਮਸ਼ੇਰ ਸਿੰਘ ਅਸ਼ੋਕ ਨੇ ਆਪਣੇ ਇਕ ਲੇਖ ਦਵਾਰਾ ਇਹ ਸਪੱਸ਼ਟ ਕੀਤਾ ਹੈ ਕਿ ਕਿਸ ਤਰ੍ਹਾਂ ਤਖ਼ਤ ਸਾਹਿਬਾਨ ਤੇ ਵਖ ਵਖ ਜਥੇਦਾਰਾਂ ਤੇ ਗ੍ਰੰਥੀਆਂ ਨੇ ਰਹਿਤ ਮਰਯਾਦਾ ਵਿਚ ਮਨਮਰਜ਼ੀ ਦੀਆਂ ਤਬਦੀਲੀਆਂ ਕਰ ਦਿਤੀਆਂ। ਗਿਆਨੀ ਗੁਰਮੁਖ ਸਿੰਘ ਮੁਸਾਫ਼ਰ ਨੇ ਅਕਾਲ ਤਖ਼ਤ ਦੀ ਜਥੇਦਾਰੀ ਦੇ ਸਮੇਂ ਬੀਬੀਆਂ ਦੇ ਸਿਰਾਂ ਤੇ ਦਸਤਾਰ ਬੰਨ੍ਹਣ ਦੀ ਰਹਿਤ ਹਟਾ ਦਿਤੀ। ਇਸੇ ਤਰ੍ਹਾਂ ਸਵੇਰ ਸਮੇਂ ਦੀਆਂ ਪੰਜ ਬਾਣੀਆਂ ਦੇ ਸਥਾਨ ਤੇ ਤਿੰਨ ਕਰ ਦਿਤੀਆਂ ਗਈਆਂ। ਅੰਮ੍ਰਿਤ-ਸਿੰਚਾਰ ਸਮੇਂ ਵੀ ਅਨੰਦ ਸਾਹਿਬ ਦੀ ਪੂਰੀ ਬਾਣੀ ਪੜ੍ਹਨ ਦੀ ਬਜਾਏ ਪੰਜ ਪੌੜੀਆਂ ਹੀ ਰਹਿਣ ਦਿਤੀਆਂ ਗਈਆਂ। ਵਾਹਿਗੁਰੂ ਗੁਰਮੰਤਰ ਅੰਮ੍ਰਿਤ-ਸਿੰਚਾਰ ਵਿਚੋਂ ਕਢ ਦਿਤਾ ਗਿਆ ਹੈ, ਅਤੇ ਪੰਚਾਂ ਵਲੋਂ ਨਾਮ ਦ੍ਰਿੜ੍ਹ ਕਰਵਾਣਾ ਛਡ ਦਿਤਾ ਗਿਆ, ਜਦ ਕਿ ਭਾਈ ਸਾਹਿਬ ਭਾਈ ਗੁਰਦਾਸ ਨੇ ਸਪੱਸ਼ਟ ਹੋਕਾ ਦਿਤਾ ਹੈ —

'ਵਾਹਿਗੁਰੂ ਗੁਰਮੰਤੁ ਹੈ ਜਪਿ ਹਉਮੈ ਖੋਈ।' (ਵਾਰ ੧੩)

ਅਤੇ—'ਵਾਹਿਗੁਰੂ ਕੇ ਮੰਤ੍ਰ ਬਿਨ ਜਪੈ ਅਉਰ ਕੋਈ ਜਾਪ।
ਸੋ ਸਾਕਤ, ਸਿਖ ਮੂਲ ਨਹਿ, ਬਾਂਚਤ ਸ੍ਰੀ ਮੁਖ ਆਪ।'

[ਭਾਈ ਪ੍ਰਹਿਲਾਦ ਸਿੰਘ ਜੀ ਰਹਿਤਨਾਮਾ

'ਵਾਹਿਗੁਰੂ ਪੁਨ ਮੰਤੁ ਸੁ ਜਾਪ। ਕਰ ਇਸ਼ਨਾਨ ਪੜ ਜਪੁ ਜਾਪ।' [ਭਾਈ ਨੰਦ ਲਾਲ ਜੀ

'ਗੁਰ ਸਤਿਗੁਰ ਕਾ ਜੋ ਸਿਖੁ ਅਖਾਏ, ਸੋ ਭਲਕੇ ਉਠਿ ਹਰਿ ਨਾਮੁ ਧਿਆਵੈ।'

[ਮ: ੪, ਗਉੜੀ ਕੀ ਵਾਰ, ਪੰਨਾ ੩੦੫

ਪਰਮ ਸਤਿਕਾਰ ਯੋਗ ਭਾਈ ਵੀਰ ਸਿੰਘ ਜੀ ਨੇ ਨਿਤਨੇਮ ਦੀਆਂ ਬਾਣੀਆਂ ਦਾ ਟੀਕਾ ਕਰਦੇ ਹੋਏ ਜਪੁਜੀ ਸਾਹਿਬ ਵਿਚ ਇਕ ਸਥਾਨ ਤੇ ਸਪੱਸ਼ਟ ਲਿਖਿਆ ਹੈ ਕਿ ਵਾਹਿਗੁਰੂ ਨਾਮ ਨੂੰ ਬਾਰੰਬਾਰ ਜਪਣ


www.AKJ.Org

ਨਾਲ ਹੀ ਅਕਾਲ ਪੁਰਖ ਨਾਲ ਜੀਵ ਦੇ ਮੇਲ ਹੋ ਸਕਦੇ ਹਨ। ਭਾਈ ਸਾਹਿਬ ਵੀਰ ਸਿੰਘ ਜੀ ਨੇ ਭਾਈ ਸਾਹਿਬ ਰਣਧੀਰ ਸਿੰਘ ਦੀ ਪੁਸਤਕ ਜੇਲ੍ਹ ਚਿੱਠੀਆਂ ਦੀ ਭੂਮਿਕਾ ਵਿਚ ਵੀ ਨਾਮ ਜਪਣ ਤੇ ਭਾਈ ਰਣਧੀਰ ਸਿੰਘ ਦੀ ਮਹਾਨ ਸਿਖੀ ਸਿਦਕ ਦੀ ਮੁਕਤ ਕੰਠ ਨਾਲ ਪਰਸੰਸਾ ਕੀਤੀ ਹੈ। ਇਸ ਤਰ੍ਹਾਂ ਇਹ ਸਪੱਸ਼ਟ ਹੈ ਕਿ ਇਸ ਜਥੇ ਦੇ ਸਿੰਘਾਂ ਵਲੋਂ ਵਾਹਿਗੁਰੂ ਨਾਮ ਤੇ ਆਦਿ ਪਰੰਪਰਾ ਦਵਾਰਾ ਪਰਤਿਸ਼ਿਟਤ ਵਿਧਿ ਦਵਾਰਾ ਅੰਮ੍ਰਿਤ ਸਮਾਗਮ ਰਚ ਕੇ ਗੁਰੂ ਸਾਹਿਬ ਜੀ ਦੀ ਮਹਾਨ ਸਿਖੀ ਪਰੰਪਰਾ ਨੂੰ ਸੁਰਜੀਤ ਰਖਿਆ ਗਿਆ ਹੈ।

ਹੋਰ ਜ਼ਿਆਦਾ ਵਿਸਥਾਰ ਵਿਚ ਨਾ ਜਾਂਦਾ ਹੋਇਆ ਅੰਤ ਵਿਚ ਆਪ ਜੀ ਅਗੇ ਪ੍ਰਾਰਥਨਾ ਹੈ ਕਿ ਹੁਣ ਜਦ ਕਿ ਖਾਲਸਾ ਜੀ ਉਤੇ ਹਰ ਪਾਸੇ ਤੋਂ ਹਮਲੇ ਹੋ ਰਹੇ ਹਨ, ਸਿਖੀ ਰਹਿਤ ਬਹਿਤ ਤੇ ਚੜ੍ਹਦੀ ਕਲਾ ਦੀ ਸਾਨੂੰ ਹੌਸਲਾ ਅਫ਼ਜ਼ਾਈ ਕਰਨੀ ਚਾਹੀਦੀ ਹੈ, ਨਾ ਕਿ ਭੁਲੇਖਿਆਂ ਵਿਚ ਪੈ ਕੇ ਗੁਰਸਿਖਾਂ ਪ੍ਰਤੀ ਗਲਤ-ਬਿਆਨੀ ਛਾਪ ਕੇ ਅਨਜਾਣੇ ਵਿਚ ਹੀ ਸਿਖੀ ਨੂੰ ਢਹਿੰਦੀਆਂ ਕਲਾਂ ਵਿਚ ਲਿਜਾਣ ਦਾ ਭਾਗੀ ਬਣਨਾ ਚਾਹੀਦਾ ਹੈ।

ਵਧ ਘਟ ਜੇ ਕੁਝ ਲਿਖਿਆ ਗਿਆ ਹੋਵੇ ਤਾਂ ਉਸ ਲਈ ਦਾਸ ਨਿਮਰਤਾ ਸਹਿਤ ਆਪ ਤੋਂ ਖਿਮਾ ਦਾ ਯਾਚਕ ਹੈ। ਇਸ ਪੱਤਰ ਨੂੰ ਅਖਬਾਰ ਵਿਚ ਛਾਪ ਕੇ ਦਾਸ ਨੂੰ ਧੰਨਵਾਦੀ ਬਣਾਉ।

ਖਾਲਸਾ ਜੀ ਦਾ ਦਾਸ—

ਹਰਮਹਿੰਦਰ ਸਿੰਘ ਗੋਬਿੰਦਪੁਰੀ, ਸਕੱਤਰ, ਅਖੰਡ ਕੀਰਤਨੀ ਜਥਾ ਤਹਿਸੀਲ ਨਵਾਂ ਸ਼ਹਿਰ—ਗੜ੍ਹਸ਼ੰਕਰ

C.O ਸਿਖ ਨੈਸ਼ਨਲ ਕਾਲਜ ਚਰਨ ਕੰਵਲ, ਬੰਗਾ ਜ਼ਿਲਾ ਜਲੰਧਰ

---

## ਸ: ਜਗਜੀਤ ਸਿੰਘ ਜੀ ਗਰੇਵਾਲ ਵਿਛੋੜਾ ਦੇ ਗਏ

ਭਾਈ ਹਰਚਰਨ ਸਿੰਘ ਜੀ ਚੰਡੀਗੜ੍ਹ ਇਤਲਾਹ ਦਿੰਦੇ ਹਨ ਕਿ ਗੁਰੂ ਪਿਆਰੇ ਸ: ਜਗਜੀਤ ਸਿੰਘ ਜੀ ਰੀਟਾਇਰਡ ਗੈਰੀਜ਼ਨ ਇੰਜੀਨੀਅਰ ਚੰਡੀਗੜ੍ਹ ਵਿਖੇ ੧੩-੧੨-੧੯੭੮ ਨੂੰ ਅੱਧੀ ਰਾਤ ਸਮੇਂ ਦਿਲ ਦੀ ਧੜਕਣ ਬੰਦ ਹੋ ਜਾਣ ਨਾਲ ਅਕਾਲ ਚਲਾਣਾ ਕਰ ਗਏ ਹਨ। ਸਤਿਗੁਰੂ ਉਨ੍ਹਾਂ ਦੀ ਆਤਮਾ ਨੂੰ ਆਪਣੇ ਚਰਨਾਂ ਵਿਚ ਨਿਵਾਸ ਬਖਸ਼ਣ ਅਤੇ ਪਰਵਾਰ ਨੂੰ ਗੁਰਸਿਖੀ ਤੇ ਚੜ੍ਹਦੀਆਂ ਕਲਾਂ ਬਖਸ਼ਣ।

## ਪਿੰਡ ਗੁੜੇ (ਜਗਰਾਉਂ) ਵਿਖੇ ਮਾਸਕ ਅਖੰਡ ਕੀਰਤਨ

ਡਾ: ਜਤਿੰਦਰ ਸਿੰਘ ਪੱਬੀਆਂ ਇਤਲਾਹ ਦਿੰਦੇ ਹਨ ਕਿ ੭ ਫ਼ਰਵਰੀ ਬੁਧਵਾਰ ਨੂੰ ਪਿੰਡ ਦੇ ਵਡੇ ਗੁਰਦਵਾਰਾ ਸਾਹਿਬ ਵਿਖੇ ਰਾਤ ਨੂੰ ੬ ਤੋਂ ੧੨ ਤਕ ਅਖੰਡ ਕੀਰਤਨ ਹੋਣਗੇ। ਸੰਗਤਾਂ ਹਾਜ਼ਰੀਆਂ ਭਰ ਕੇ ਲ੍ਹਾਹੇ ਪ੍ਰਾਪਤ ਕਰਨ। ਇਹ ਪਿੰਡ ਚੌਕੀਮਾਨ ਤੋਂ ਇਕ ਮੀਲ ਹੈ ਅਤੇ ਚੌਕੀਮਾਨ ਪਿੰਡ—ਲੁਧਿਆਣਾ ਤੋਂ ਜਗਰਾਉਂ ਵਲ ੨੮ ਕਿਲੋਮੀਟਰ ਤੇ ਹੈ।

## ਪਿੰਡ ਹਕੀਮਪੁਰ ਵਿਖੇ ਰੈਣ ਸਬਾਈ ਕੀਰਤਨ

ਜਥੇਦਾਰ ਨਿਹਾਲ ਸਿੰਘ ਜੀ ਬੇਨਤੀ ਕਰਦੇ ਹਨ ਕਿ ੨੪ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਪਿੰਡ ਹਕੀਮਪੁਰ ਗੁਰਦਵਾਰਾ ਨਾਨਕਸਰ ਵਿਖੇ ਰੈਣਸਬਾਈ ਕੀਰਤਨ ਹੋ ਰਹੇ ਹਨ। ਗੁਰਸਿਖ ਮਾਈਭਾਈ ਲਾਭਪ੍ਰਾਪਤ ਕਰਨ। ਫਗਵਾੜਾ ਅਤੇ ਬੰਗਿਆਂ ਤੋਂ ਇਹ ਪਿੰਡ ੮-੯ ਕਿਲੋਮੀਟਰ ਹੈ। ਫਗਵਾੜੇ ਤੋਂ ਸ਼ਾਮ ਨੂੰ ਟਰੱਕ ਚਲੇਗਾ।

## ਸੰਗ ਢੇਸੀਆਂ ਵਿਚ ਰੈਣ ਸਬਾਈ ਕੀਰਤਨ

ਭਾਈ ਵੀਰ ਸਿੰਘ ਜੀ ਚਕਰਵਰਤੀ ਬੇਨਤੀ ਕਰਦੇ ਹਨ ਕਿ ੩ ਮਾਰਚ ਸ਼ਨੀਵਾਰ ਦੀ ਰਾਤ ਨੂੰ ਸੰਗ ਢੇਸੀਆਂ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਪੁਜ ਕੇ ਅਨੰਦ ਮਾਣਨ। ਇਹ ਪਿੰਡ ਗੁਰਾਇਆਂ ਤੋਂ ਨਕੋਦਰ ਵਲ ਨੂੰ ਤਿੰਨ ਕਿਲੋਮੀਟਰ ਹੈ। ਪੁਛਗਿਛ ਭਾਈ ਸੇਵਾ ਸਿੰਘ ਜੀ ਗੁਰਾਇਆਂ ਤੋਂ ਕਰੋ।


www.AKJ.Org

# ਸਿੱਖ ਧਰਮ-ਮੁਕਤੀ ਦਾ ਮਾਰਗ

[ਵਲੋਂ — ਸਰਦਾਰਨੀ ਰਾਮਦਾਸ ਕੌਰ ਜੀ ਖਾਲਸਾ, ਯੂ. ਐਸ. ਏ.]

ਇਸ ਸੰਸਾਰ ਨੂੰ ਮਨੁਖ ਦੁਖਾਂ ਦਾ ਕਾਰਨ ਇਸ ਲਈ ਕਹਿੰਦਾ ਹੈ ਅਤੇ ਦੁਖ ਭੋਗਦਾ ਹੈ ਕਿ ਇਸ ਨੂੰ ਆਪਣੇ ਮੂਲ ਦੀ ਪਛਾਣ ਅਤੇ ਇਹ ਸੂਝ ਨਹੀਂ ਹੈ ਕਿ ਇਹ ਰਾਮ ਦੀ ਅੰਸ਼ ਹੈ, ਪਰਮ ਜੋਤਿ ਤੋਂ ਵਿਛੜਿਆ ਹੋਇਆ ਹੈ । ਗਿਆਨ, ਸੂਝ, ਜੋਤਿ, ਪ੍ਰਕਾਸ਼ ਮਨੁਖ ਦੇ ਅੰਦਰ ਹੈ, ਪਰ ਕਾਮ ਕਰੋਧ ਲੋਭ ਮੋਹ ਹੰਕਾਰ ਪੰਜ ਦੁਸ਼ਟਾਂ ਨੇ ਆਪਣੀ ਅਗਿਆਨਤਾ ਦਾ ਪਰਦਾ ਪਾਇਆ ਹੋਇਆ ਹੈ । ਹੋਰਨਾਂ ਧਰਮਾਂ, ਵਿਸ਼ਵਾਸਾਂ ਅਨੁਸਾਰ ਮੁਕਤੀ ਮਰਨ ਤੋਂ ਬਾਅਦ ਹੀ ਮਿਲ ਸਕਦੀ ਹੈ, ਜੀਉਂਦੇ ਸਮੇਂ ਹਉਮੈ ਅਤੇ ਮਾਇਆ ਦਾ ਪਸਾਰਾ ਕਾਫ਼ੀ ਹੈ ।

ਹਰ ਕਿਸੇ ਧਰਮ ਦੇ ਪੀਰ ਆਗੂ ਨੇ ਆਪਣੇ ਆਪ ਨੂੰ ਰੱਬ ਅਖਵਾ ਕੇ ਆਪਣੀ ਵਡਿਆਈ ਪੂਜਾ ਕਰਵਾਉਣੀ ਸ਼ੁਰੂ ਕਰ ਦਿਤੀ । ਜ਼ਾਤ ਪਾਤ, ਊਚ ਨੀਚ, ਇਲਾਕੇ ਤੇ ਰੰਗ ਨਸਲ ਦੇ ਵਿਤਕਰੇ ਇਨਸਾਨਾਂ ਵਿਚ ਪਾ ਦਿਤੇ ।

ਕਿਸੇ ਨੂੰ ਆਪਣੇ ਅੰਦਰ ਦੀ ਆਤੱਮਕ ਸ਼ਕਤੀ, ਗਿਆਨ, ਸੂਝ, ਪ੍ਰਕਾਸ਼ ਦਾ ਪਤਾ ਹੀ ਨਹੀਂ ਕਿ ਹਉਮੈ ਦੀ ਮੈਲ ਦੇ ਪਰਦੇ ਨੂੰ ਅਕਾਲ ਪੁਰਖ ਦੇ ਹੁਕਮ ਸੇਵਾ ਸਿਮਰਨ, ਸ਼ਬਦ ਦੀ ਕਮਾਈ ਕਰਕੇ ਸਾਫ਼ ਕਰਨਾ ਹੈ ਅਤੇ ਸੰਸਾਰ ਦੇ ਮਾਇਆ ਦੇ ਛਲ ਕਪਟ ਦੇ ਪਸਾਰੇ ਤੋਂ ਮੁਕਤ, ਨਿਰਲੇਪ ਹੋਣਾ ਹੈ, ਕਿਉਂਕਿ ਮਾਇਆ ਨਾਗਨੀ ਹੈ, ਹਰ ਕਿਸੇ ਨੂੰ ਬਿਨਾਂ ਦੰਦਾਂ ਤੋਂ ਡਸ ਰਹੀ ਹੈ ।

ਮਨ, ਆਤਮਾ ਨੂੰ ਸ਼ਬਦ ਦੇ ਆਸਰੇ ਬਲਵਾਨ, ਨਿਰਭਉ, ਨਿਰਵੈਰ ਕਰਨਾ ਹੈ—

'ਮਨਿ ਜੀਤੈ ਜਗੁ ਜੀਤੁ ।'

ਸਰੀਰ ਨੂੰ ਝੋਟੇ ਵਾਂਗ, ਸਾਨ੍ਹ ਵਾਂਗ ਮੋਟਾ ਤਾਜ਼ਾ ਨਹੀਂ ਕਰਨਾ, ਇਸ ਨੇ ਤਾ ਇਥੇ ਸੜ ਕੇ ਸੁਆਹ ਹੋ ਜਾਣਾ ਹੈ ।

ਜਦੋਂ ਅਸੀਂ ਆਪਣੇ ਆਪ, ਆਲੇ ਦੁਆਲੇ ਦੀਆਂ ਬੇਅੰਤ ਵਿਸ਼ਾਲ ਚੀਜ਼ਾਂ ਵਸਤਾਂ ਤੇ ਹਾਲਾਤ ਨੂੰ ਵੇਖਦੇ ਹਾਂ ਤਾਂ ਇਤਨੇ ਵਡੇ ਪ੍ਰਬੰਧ ਨੂੰ ਚਲਾਉਣ ਵਾਲੀ ਸ਼ਕਤੀ ਦਾ ਵੀ ਖਿਆਲ ਆਉਂਦਾ ਹੈ । ਇਹ ਸਾਰੀ ਧਰਤੀ ਉਸ ਸੱਚੇ ਅਕਾਲ ਪੁਰਖ ਦੀ ਹੈ, ਅਸੀਂ ਤਾਂ ਸਾਰੇ ਇਕ ਆਰਜ਼ੀ ਕਿਰਾਏਦਾਰ ਹਾਂ, ਥੋੜੀ ਥੋੜੀ ਟੁਕੜੀ ਦੇ ਮਾਲਕ ਅਖਵਾ ਕੇ ਆਪਣੇ ਆਪ ਨੂੰ ਲੈਂਡ-ਲਾਰਡ, ਸਰਦਾਰ, ਚੌਧਰੀ, ਚੀਫ਼ ਰਈਸ ਅਖਵਾ ਕੇ ਖੁਸ਼ ਹੁੰਦੇ ਹਾਂ । ਉਹ ਦਾਤਾਰ ਹੈ, ਆਪਣੇ ਹੁਕਮ ਵਿਚ ਸਾਨੂੰ ਪੈਦਾ ਕਰਨ, ਹਰ ਤਰ੍ਹਾਂ ਦੇ ਸੁਖ, ਸਾਧਨ, ਸਾਕ ਸਬੰਧੀ ਦੇਣ ਵਾਲਾ ਹੈ, ਅਸੀਂ ਸਾਰੇ ਉਸ ਦੇ ਦਰ ਤੇ ਮੰਗਤੇ ਹਾਂ ।

ਸਾਨੂੰ ਇਹ ਸਮਝਣਾ, ਵੇਖਣਾ, ਸੋਚਣਾ ਹੈ ਕਿ ਇਸ ਸੰਸਾਰ ਦਾ ਸਿਰਜਨਹਾਰ ਆਪ ਅਕਾਲ ਪੁਰਖ ਹੈ । ਸਾਨੂੰ ਕੁਝ ਸਮੇਂ ਲਈ ਇਸ ਸੰਸਾਰ ਤੇ ਭੇਜਣਾ ਉਸ ਦਾ ਖ਼ਾਸ ਮਨੋਰਥ ਹੈ । ਉਹ ਇਹ ਹੈ ਕਿ ਅਸੀਂ ਉਸ ਸਰਬ ਸ਼ਕਤੀਮਾਨ ਦਾ ਸਿਮਰਨ, ਸ਼ਬਦ ਸੁਰਤ ਦੀ ਕਮਾਈ ਕਰ ਕੇ, ਇਕੋ ਮਨੁਖਾ ਜੂਨ ਵਿਚ ਹੀ ਵਾਹਿ-ਗੁਰੂ ਵਾਹਿਗੁਰੂ ਕਰਦੇ ਅੰਤ ਉਸ ਵਰਗੇ ਖਾਲਸ, ਪਵਿਤਰ, ਨਿਰਮਲ, ਸਵੱਛ ਹੋ ਕੇ ਉਸ ਵਿਚ ਹਮੇਸ਼ਾ ਲਈ ਅਭੇਦ ਹੋ ਜਾਈਏ ਅਤੇ ਸਾਨੂੰ ਬਾਰ ਬਾਰ ਇਕ ਜੂਨ ਤੋਂ ਦੂਜੀਆਂ ਜੂਨਾਂ ਦੇ ਚੁਰਾਸੀ ਦੇ ਜਨਮ ਮਰਨ ਦੇ ਗੇੜ ਵਿਚ ਨਾ ਪੈਣਾ ਪਵੇ । ਇਸੇ ਲਈ ਮਨੁਖਾ ਜਨਮ ਨੂੰ ਉਤਮ ਕਿਹਾ ਹੈ ਕਿ "ਗੋਬਿੰਦ ਮਿਲਣ ਕੀ ਇਹ ਤੇਰੀ ਬਰੀਆ" ਦਾ ਸਮਾਂ ਹੈ । ਇਸ ਗੱਲ ਦੀ ਸੂਝ ਗਿਆਨ ਅਗਵਾਈ ਕੇਵਲ ਸਤਿਗੁਰੂ ਨਾਨਕ ਦੇਵ ਜੀ ਨੇ ਸੰਸਾਰ ਨੂੰ ਸਪੱਸ਼ਟ ਕੀਤੀ ਕਿ ਮਨੁਖਾ ਜਨਮ ਵਿਚ ਹੀ ਆਪਣੀ ਨੇਕ ਕਿਰਤ ਕਰਦੇ ਹੋਏ ਉਸ ਆਪਣੇ ਸੱਚੇ ਸਿਰਜਨਹਾਰ ਦਾ ਸੁਆਸ ਸੁਆਸ ਸ਼ੁਕਰ ਵਡਿਆਈ ਆਪਣੇ ਮਨ ਤੋਂ ਕਰਨੀ



www.AKJ.Org

ਹੈ। ਮਨ ਹੀ ਸਾਰੇ ਪਾਸੇ ਹਰਕਤਾਂ ਕਰਨ ਦੀ ਪ੍ਰੇਰਨਾ ਦੇਂਦਾ ਹੈ।

ਕਲਜੁਗ ਦੇ ਵਸ ਹੋਏ, ਕਾਮ ਕਰੋਧ ਦੀ ਜਕੜ ਵਿਚ ਫਸੇ ਹੋਏ ਹਉਮੈ ਦੇ ਮਾਰੇ ਹੰਕਾਰੀ ਲੋਕ, ਜਿਨ੍ਹਾਂ ਨੂੰ ਆਪੇ ਦੀ ਸੂਝ ਨਹੀਂ, ਕੇਵਲ ਸਰੀਰ ਦੇ ਸੁਖਾਂ, ਸਵਾਦਾਂ, ਰਸਾਂ, ਭੋਗ-ਪਦਾਰਥਾਂ ਵਿਚ ਖਚਿਤ ਹਨ, "ਸਹਸ ਖਟੇ ਲਖ ਕੋ ਉਠਿ ਧਾਵੈ", ਮੂਰਖ ਰਾਵਣ, ਸਿਕੰਦਰ ਅਤੇ ਔਰੰਗਜ਼ੇਬ ਵਾਂਗ ਸੰਸਾਰ ਤੋਂ ਪਾਪਾਂ ਦਾ ਭਾਰ ਲੈ ਕੇ ਚਲੇ ਜਾਂਦੇ ਹਨ, "ਕੂੜਾ ਸਉਦਾ ਕਰਿ ਗਏ ਗੋਰੀ ਆਇ ਪਏ।* ਮਨੁਖ ਪਰ-ਤਨ, ਪਰ-ਧਨ, ਪਰਾਈ-ਨਿੰਦਾ, ਚੁਗਲੀ, ਵਿਖਾਵੇ, ਈਰਖਾ ਕਰਦਾ ਹੈ। ਉਸ ਨੂੰ ਅੰਮ੍ਰਿਤ-ਮਈ ਬਾਣੀ ਸੱਚ, ਨਿਮਰਤਾ ਚੰਗੀ ਨਹੀਂ ਲਗਦੀ। ਸੜਕਾਂ ਤੇ ਪਏ ਭੁਖੇ, ਨਿਆਸ੍ਰੇ, ਮੁਥਾਜ, ਲੰਗੜੇ, ਲੂਲ੍ਹੇ, ਅੰਨ੍ਹੇ ਕੋਹੜੀਆਂ ਨੂੰ ਇਨਸਾਨ ਹੀ ਨਹੀਂ ਸਮਝਦਾ। ਉਸ ਨੂੰ ਬਿਖਿਆ ਚੰਗੀ ਲਗਦੀ ਹੈ। ਸਿਨਿਮੇ, ਕਲੱਬ, ਰੰਗ ਤਮਾਸ਼ੇ, ਕਲਚਰਲ ਪ੍ਰੋਗਰਾਮ, ਡਰਾਮੇ, ਭੰਗੜੇ, ਗਿਧੇ, ਕੁਆਲੀ, ਲੇਡੀਜ਼ ਸੰਗੀਤ, ਟੈਲੀਵੀਜ਼ਨ, ਆਰਕੈਸਟਰਾ ਦੀ ਧੁੰਨ, ਸ਼ਤਰੰਜ, ਤਾਸ਼, ਚੋਪੜ ਆਦਿ ਖੇਡਣ, ਮੀਟ, ਮੱਛੀ-ਪਕੌੜੇ, ਰੈਸਟੋਰੇਂਟਾਂ, ਠੇਕਿਆਂ ਵਿਖੇ ਸ਼ਰਾਬ ਪੀਣ, ਲੰਚ, ਬਰੰਚ, ਡਿਨਰ, ਦਾਅਵਤਾਂ ਛਕਣ, ਸੈਰਾਂ ਕਰਨ, ਸੀਨਰੀਆਂ ਨਜ਼ਾਰੇ ਵੇਖਣ ਲਈ ਦੂਰ ਦੁਰਾਡੇ ਜਾਣ ਲਈ ਬੀਮਾਰੀਆਂ ਸਹੇੜ ਕੇ ਹਸਪਤਾਲਾਂ ਵਿਚ ਉਪਰੇਸ਼ਨ ਕਰਵਾਉਣ, ਮੁਕੱਦਮੇ ਸਹੇੜ ਕੇ ਵਕੀਲਾਂ, ਥਾਣਿਆਂ, ਅਦਾਲਤਾਂ, ਜੇਲ੍ਹਾਂ ਵਿਚ ਜਾ ਕੇ ਹਾਏ ਹਾਏ ਕਰਨ, ਸੈਕਸ ਪ੍ਰਧਾਨ ਲਿਟਰੇਚਰ ਚੁਸਕੀਆਂ ਲੈ ਕੇ ਪੜ੍ਹਨ ਲਈ ਬਹੁਤ ਸਮਾਂ ਹੈ। ਬਾਣੀ ਇਨ੍ਹਾਂ ਮਨਮੁਖਾਂ ਲਈ, ਜੋ ਆਪਣੇ ਸਿਰਜਨਹਾਰ ਦਾ ਸ਼ੁਕਰ ਕਰਨ ਤੋਂ ਮੁਨਕਰ ਹਨ, ਸ਼ਬਦ 'ਅਕ੍ਰਿਤਘਣ ਨਿਗੁਰੇ' ਵਰਤਦੀ ਹੈ ਅਤੇ ਕਹਿੰਦੀ ਹੈ ਕਿ "ਪਾਪੀ ਕਰਮ ਕਮਾਵਦੇ ਕਰਦੇ ਹਾਏ ਹਾਇ"† । ਇਹ ਮਨਮੁਖ ਆਪਣਾ ਜੀਵਨ ਪਸ਼ੂ, ਢੋਰ ਗੰਵਾਰ ਤੋਂ ਵੀ ਭੈੜਾ ਬਤੀਤ ਕਰਦੇ ਹਨ। "ਮਿਰਤਕ ਕਹੀਅਹਿ ਨਾਨਕਾ ਜਿਹ ਪ੍ਰੀਤਿ ਨਹੀ ਭਗਵੰਤ"* ।

ਮੁਕਤੀ ਤੋਂ ਭਾਵ ਹੈ ਸੰਸਾਰ ਦੇ ਵਿਸ਼ੇ ਵਿਕਾਰਾਂ, ਹਵਸਾਂ ਤੋਂ ਤਿਆਗ। ਸਤਿਗੁਰੂ ਨਾਨਕ ਦੇਵ ਜੀ ਨੇ ਤਾਂ ਧਰਮ ਦੀ ਪਰਿਭਾਸ਼ਾ ਹੀ ਇਹੋ ਦਸੀ ਹੈ ਕਿ

"ਸਰਬ ਧਰਮ ਮਹਿ ਸ੍ਰੇਸਟ ਧਰਮੁ ॥
ਹਰਿ ਕੋ ਨਾਮੁ ਜਪਿ ਨਿਰਮਲ ਕਰਮੁ ॥"

ਸੁਖਮਨੀ ਮ: ੫, ਪੰਨਾ ੨੬੬

ਜੇ ਅਸੀਂ ਉਸ ਦੇ ਹੁਕਮ ਵਿਚ ਜੀਵਨ ਬਤੀਤ ਕਰਾਂਗੇ, ਉਸ ਦਾ ਸੁਆਸ ਸੁਆਸ ਸਿਮਰਨ, ਸ਼ੁਕਰ, ਵਡਿਆਈ ਕਰਾਂਗੇ ਤਾਂ ਉਹ ਵੀ ਹਰ ਸਮੇਂ ਸਾਡਾ ਸੁਆਸ ਸੁਆਸ ਖ਼ਿਆਲ ਰਖੇਗਾ। ਜਿਤਨਾ ਵੱਡਾ ਕਰਕੇ ਸਮਝਾਂਗੇ ਉਤਨੀਆਂ ਵਡੀਆਂ ਦਾਤਾਂ ਉਸ ਤੋਂ ਪ੍ਰਾਪਤ ਕਰਨ ਦੇ ਹੱਕਦਾਰ ਹੋਵਾਂਗੇ। ਅਸੀਂ ਉਸ ਤੋਂ ਖੁਸ਼ੀਆਂ ਲੈਣ ਲਈ ਉਸ ਨਾਲ ਸਬੰਧ ਜੋੜਨੇ ਹਨ, ਸਿਖ ਧਰਮ ਵਿਚ ਕਰਮਾਂ ਤੋਂ ਇਲਾਵਾ ਉਸ ਦੀ ਕਿਰਪਾ ਹੋਣੀ ਵੀ ਜ਼ਰੂਰੀ ਹੈ। ਖਾਲਸਾ ਵਾਹਿਗੁਰੂ ਦਾ ਹੈ, ਵਾਹਿਗੁਰੂ ਖਾਲਸੇ ਦੇ ਸਦਾ ਅੰਗ ਸੰਗ ਹੈ। ਖਾਲਸੇ ਲਈ ਸੰਸਾਰ ਰੈਣ-ਬਸੇਰਾ ਹੈ। ਉਹ ਇਨ੍ਹਾਂ ਵਸਤਾਂ ਵਿਚ ਖਚਿਤ ਨਹੀਂ ਹੁੰਦਾ। ਉਸ ਦੇ ਸਾਹਮਣੇ ਇਕੋ ਮਨੋਰਥ ਹੁੰਦਾ ਹੈ ਕਿ ਸੰਸਾਰ ਦੇ ਮਾਇਆ ਮੋਹ ਦੇ ਬੰਧਨਾਂ ਤੋਂ ਉਪਰਾਮ ਹੋ ਕੇ ਉਸ ਦੇ ਹੁਕਮ ਅਨੁਸਾਰ ਸਬਰ, ਸੰਤੋਖ ਵਿਚ ਜੀਵਨ-ਮੁਕਤ ਹੋ ਕੇ ਰਹਿਣਾ ਹੈ। ਉਹ ਰਾਤ ਦਿਨ ਝੂਠੇ ਧਨ ਦੇ ਵਪਾਰੀਆਂ ਵਾਂਗ ਆਪਣੀ ਕਚੀ ਵਸਤ, ਵਖਰ ਵਾਪਾਰ, ਬੈਂਕ ਬੈਲੰਸ, ਸੂਦ, ਗਾਹਕ ਰੋਕੜ, ਵਹੀ ਖਾਤੇ, ਹੇਰਾ-ਫੇਰੀਆ ਨਹੀਂ ਵੇਖਦਾ। ਉਹ ਤਾਂ ਇਹ ਵੇਖਦਾ ਹੈ ਕਿ ਇਕ ਦਿਨ ਦੇ ੨੪ ਘੰਟਿਆਂ ਵਿਚਲੇ ੨੪ ਹਜ਼ਾਰ ਸੁਆਸਾਂ ਵਿਚੋਂ ਕਿਤਨੇ ਹਜ਼ਾਰ ਸੁਆਸ ਵਾਹਿਗੁਰੂ ਦਾ ਸਿਮਰਨ ਕਰ ਕੇ ਉਸ ਦੇ ਲੇਖੇ ਲਾਏ ਹਨ। ਜਿਸ ਦਿਨ ਕਿਸੇ ਕ੍ਰਾਰਨ ਘਟ ਸਮਾਂ ਲਗੇ ਤਾਂ ਉਸ ਨੂੰ

[ਬਾਕੀ ਦੇਖੋ ਸਫ਼ਾ ੩੩ ਦੇ ਹੇਠ

* ਸਲੋਕ ਫਰੀਦ ਜੀ ॥੪੬॥ ਪੰਨਾ ੧੩੮੦
† ਸਲੋਕ ਮ: ੫, ਪੰਨਾ ੧੪੨੫

* ਗਉੜੀ ਬਾਵਨ ਅਖਰੀ ਮ: ੫,੧੧੧੬, ਪੰਨਾ ੨੫੩



www.AKJ.Org

# ਗੁਰਦੁਆਰਾ ਚੋਣਾਂ

ਗੁਰਦੁਆਰਾ ਚੋਣਾਂ ਮਾਰਚ ਵਿਚ ਕੀਤੇ ਜਾਣ ਦਾ ਐਲਾਨ ਕੀਤਾ ਜਾ ਚੁਕਾ ਹੈ । ਚੋਣ-ਖੇਤਰ ਵਿਚ ਸ਼੍ਰੋਮਣੀ ਅਕਾਲੀ ਦਲ, ਇਸਤ੍ਰੀ ਅਕਾਲੀ ਦਲ, ਦਲ ਖ਼ਾਲਸਾ, ਬਾਬਾ ਜੀਵਨ ਸਿੰਘ ਦਲ, ਬਾਬਾ ਸੰਤਾ ਸਿੰਘ ਬੁੱਢਾ ਦਲ, ਅਤੇ ਸਟੂਡੈਂਟ ਫ਼ੈਡਰੇਸ਼ਨ ਆਦਿ ਪਾਰਟੀਆਂ ਸਾਹਮਣੇ ਆਈਆਂ ਹਨ ।

ਸ਼੍ਰੋਮਣੀ ਅਕਾਲੀ ਦਲ ਕੌਮ ਦੀ ਸਭ ਤੋਂ ਵਡੀ ਸਿਆਸੀ ਪਾਰਟੀ ਹੈ, ਜਿਸ ਦਾ ਬੜਾ ਮਹੱਤਵ-ਪੂਰਣ ਅਤੇ ਗਰੌਵ-ਸ਼ੀਲ ਪਿਛੋਕੜ ਹੈ । ਸ਼੍ਰੋਮਣੀ ਅਕਾਲੀ ਦਲ ਵਲੋਂ ਗੁਰਦਵਾਰਿਆਂ ਦੇ ਪ੍ਰਬੰਧ ਲਈ ਸ਼੍ਰੋ: ਗੁ: ਪ੍ਰਬੰਧਕ ਕਮੇਟੀ ਬਣਾਈ ਗਈ । ਇਹ ਕੌਮਾਂਤਰੀ ਪ੍ਰਬੰਧਕ ਸੰਸਥਾ ਜਿਹੋ ਜਿਹੀ ਸੁਚੱਜੀ ਬਣਤਰ ਬਣਾਏਗੀ ਓਹੋ ਜਿਹੀ ਨੁਹਾਰ ਹੀ ਸਿਖ ਪੰਥ ਦੀ ਜਗਤ ਦੇ ਸਾਹਮਣੇ ਉਭਰ ਕੇ ਆਏਗੀ । ਸੋ ਅਜ ਜਦੋਂ ਕੌਮ ਨੇ ਮੁੜ ਕੇ ਇਸ ਪ੍ਰਬੰਧਕ ਸੰਸਥਾ ਦੇ ਮੈਂਬਰਾਂ ਦੀ ਚੋਣ ਕਰਨੀ ਹੈ ਤਾਂ ਕੁਝ ਇਕ ਗੱਲਾਂ ਹਨ ਜੋ ਇਸ ਚੋਣ ਦੇ ਸਬੰਧ ਵਿਚ ਬਹੁਤ ਜ਼ਰੂਰੀ ਧਿਆਨ ਵਿਚ ਰਖਣ ਜੋਗ ਹਨ :—

ਖਾਲਸਾ ਪੰਥ ਵਿਚ ਅੰਮ੍ਰਿਤਧਾਰੀ, ਸੱਚੀ ਸੁੱਚੀ ਭਾਵਨਾ ਵਾਲੇ ਗੁਰਮਤਿ ਸੂਝ ਬੂਝ ਵਾਲੇ ਸੁਹਿਰਦ ਸੇਵਾਦਾਰ ਹੀ ਅਗੇ ਲਿਆਂਦੇ ਜਾਣ ਜੋ ਕਿ ਕੌਮੀ ਪ੍ਰਬੰਧ, ਗੁਰੂ ਘਰ ਦੇ ਪ੍ਰਬੰਧ, ਧਰਮ ਪਰਚਾਰ ਸੇਵਾ ਆਦਿ ਨੂੰ ਗੁਰੂ ਕੀ ਸੱਚੀ ਕਾਰ-ਸੇਵਾ ਸਮਝ ਕੇ ਪੂਰੇ ਤਾਣ ਨਾਲ ਅਤੇ ਸੁਚੱਜੇ ਢੰਗ ਨਾਲ ਨਿਭਾਉਣ । ਜਿਸ ਨਾਲ ਪੰਥ

---

ਨਾਮ ਧਨ ਜੋੜਨ ਦੀ ਚਿੰਤਾ ਲਗੀ ਰਹਿੰਦੀ ਹੈ । ਉਹ ਇਸ ਸੰਸਾਰ ਤੇ ਝੂਠੀ ਮਾਇਆ ਦੇ ਆਸਰੇ ਕੂੜੀਆਂ ਹਵੇਲੀਆਂ ਨਹੀਂ ਉਸਾਰਦਾ, ਉਹ ਤਾਂ ਸਦੀਵੀ ਸੁਖਾਂ ਲਈ ਅਕਾਲ ਪੁਰਖ ਦੀ ਦਰਗਹ ਵਿਚ ਸੱਚੇ ਮਾਲਕ ਦੇ ਚਰਨਾਂ ਵਿਚ ਜਾ ਕੇ ਰਹਿਣ ਲਈ ਸੋਚਦਾ ਰਹਿੰਦਾ ਹੈ । ਉਹ ਤਾਂ ਹੀ ਹੋ ਸਕਦਾ ਹੈ ਜੇ—

ਵਿਚਿ ਦੁਨੀਆ ਸੇਵ ਕਮਾਈਐ ॥
ਤਾ ਦਰਗਹ ਬੈਸਣੁ ਪਾਈਐ ॥
ਸਿਰੀਰਾਗੁ ਮ: ੫, ਪੰਨਾ ੨੬

ਸਿਖ ਧਰਮ ਅਨੁਸਾਰ ਖਾਲਸੇ ਨੂੰ ਰਾਜ ਭਾਗ ਅਤੇ ਮੁਕਤੀ-ਪ੍ਰਾਪਤ ਕਰਨ ਦੀ ਚਿੰਤਾ ਫ਼ਿਕਰ ਨਹੀਂ, ਉਸ ਨੂੰ ਤਾਂ ਅਕਾਲ ਪੁਰਖ ਦੇ ਚਰਨਾਂ ਦੀ ਪ੍ਰੀਤ, ਗੁਰੂ ਸ਼ਬਦ ਦੀ ਕਮਾਈ ਦੀ ਤਾਂਘ ਹੈ । ਖਾਲਸਾ ਆਪਣਾ ਜੀਵਨ ਅਕਾਲ ਪੁਰਖ ਦੀ ਅਮਾਨਤ ਸਮਝਦਾ ਹੋਇਆ, ਹਰ ਸੁਆਸ ਉਸ ਦੇ ਲੇਖੇ ਲਗਾਉਣਾ ਲੋਚਦਾ ਹੈ ।

''ਦਰਸਨਿ ਪਰਸਿਐ ਗੁਰੂ ਕੈ ਜਨਮ ਮਰਣ ਦੁਖੁ ਜਾਏ''
ਸਵਈਏ ਮਹਲੇ ਦੂਜੇ ਕੇ, ਪੰਨਾ ੧੩੯੨

ਬਾਬਾ ਨਾਨਕ ਨੇ ਜੀਵਨ ਮੁਕਤੀ ਦਾ ਮਾਰਗ ਸਾਰੀ ਮਨੁੱਖਤਾ ਲਈ ਦਰਸਾਇਆ ਹੈ । ਜੋ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਅੰਮ੍ਰਿਤ ਮਈ ਬਾਣੀ ਦਾ ਸਿਮਰਨ ਸੇਵਾ ਕਮਾਈ ਕਰੇਗਾ, ਹਰ ਹਾਲਤ ਵਿਚ ਮੁਕਤੀ ਪ੍ਰਾਪਤ ਕਰੇਗਾ । ''ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ।'' ਦਸਮ ਪਿਤਾ ਗੁਰੂ ਗੋਬਿੰਦ ਸਿੰਘ ਜੀ ਨੇ ਵਿਸਾਖੀ ਸੰਨ ੧੬੯੯ ਨੂੰ ਅੰਮ੍ਰਿਤ ਮਈ ਬਾਣੀ ਦੀ ਪਾਹੁਲ ਤਿਆਰ ਕਰ ਕੇ, ਸ਼ਖ਼ਸੀ ਪੂਜਾ ਖ਼ਤਮ ਕਰ ਕੇ ਗੁਰੂ ਦੇ ਖਾਲਸੇ ਨੂੰ ਵਾਹਗੁਰੂ ਦਾ ਖਾਲਸਾ ਬਣਾਇਆ ਅਤੇ ਹੁਕਮ ਕੀਤਾ, ''ਪੀਵਹੁ ਪਾਹੁਲ ਖੰਡੇ ਧਾਰ ਹੋਵੇ ਜਨਮ ਸੁਹੇਲਾ ।''

ਹੁਣ ਕਿਸੇ ਦੇਹਧਾਰੀ ਪਾਖੰਡੀ ਨਰਕਧਾਰੀ ਨੂੰ ਮੱਥਾ ਟੇਕ ਕੇ, ਮਾਇਆ ਦੇ ਚੜ੍ਹਾਵੇ ਦੇ ਕੇ, ਕਿਸੇ ਭਰਮ ਭੁਲੇਖੇ ਵਿਚ ਪੈ ਕੇ, ਆਪਣੀ ਇੱਜ਼ਤ ਲੁਟਾਉਣ ਦੀ ਲੋੜ ਨਹੀਂ । ਅਕਾਲ ਪੁਰਖ ਆਪ ਮੁਕਤ ਹੈ, ਮੁਕਤੀ-ਦਾਤਾ ਹੈ । ਕੇਵਲ ਉਸ ਦੇ ਸ਼ਬਦ ਦੇ ਲੜ ਲਗ ਕੇ ਉਸ ਦੀ ਕਿਰਪਾ ਅਤੇ ਬਖਸ਼ਸ਼ ਪ੍ਰਾਪਤ ਕਰ ਕੇ ਹੀ ਮੁਕਤੀ ਪ੍ਰਾਪਤ ਕੀਤੀ ਜਾ ਸਕਦੀ ਹੈ ।

ਅਨੁਵਾਦਕ —ਸ ਸਤਨਾਮ ਸਿੰਘ, ਐਮ.ਏ, ਐਲ.ਐਲ ਬੀ, ਹੈਪੀ ਨਿਵਾਸ, ਪਟਿਆਲਾ



www.AKJ.Org

ਅੰਦਰ ਪ੍ਰਵੇਸ਼ ਕਰ ਚੁਕੀਆਂ ਕੁਰੀਤੀਆਂ ਤੇ ਪਤਿਤ-ਪੁਣੇ ਦੇ ਆਏ ਹੜ ਨੂੰ ਠਲ੍ਹ ਪਾਵੇ। ਤੇ ਕੌਮ ਦੀ ਨਿਘਰਦੀ ਦਸ਼ਾ ਬਦਲ ਕੇ ਚੜ੍ਹਦੀ ਕਲਾ ਵਲ ਆਵੇ। ਅੱਜ ਲੋੜ ਹੈ ਸਿਖ ਕੌਮ ਨੂੰ ਜਗਾ ਕੇ ਉਹਨਾਂ ਦੀ ਨਸ਼ਿਆਂ ਨਾਲ ਕੌੜੀ ਹੋਈ ਜੀਭ ਨੂੰ ਅੰਮ੍ਰਿਤ ਦਾ ਚਸਕਾ ਪਾਇਆ ਜਾਵੇ। ਗੁਰਦਵ੍ਹਾਰਿਆਂ ਦਾ ਪ੍ਰਬੰਧ ਜਿਹੋ ਜਿਹਾ ਹੋਵੇਗਾ, ਨੇਤਾ, ਪ੍ਰਚਾਰਕ, ਰਾਗੀ, ਗ੍ਰੰਥੀ ਸਾਹਿਬਾਨ ਜਿਹੋ ਜਿਹੇ ਜੀਵਨਾਂ ਦਾ ਉਦਾਹਰਣ ਅਜ ਦੇ ਨੌਜਵਾਨਾਂ ਅਗੇ ਰਖਣਗੇ ਉਹੋ ਜਿਹੀ ਸਿਖਿਆ ਉਹ ਇਹਨਾਂ ਪਾਸੋਂ ਲੈ ਕੇ ਆਪਣਾ ਜੀਵਨ ਢਾਲਣਗੇ।

ਕੌਮ ਨੂੰ ਤਜਰਬਾ ਹੋ ਚੁਕਾ ਹੈ ਕਿ ਇਕੱਲੇ ਪ੍ਰਧਾਨ ਦੇ ਚੰਗੇ ਹੋਣ ਨਾਲ ਕੰਮ ਨਹੀਂ ਸਰਦਾ, ਜਿੰਨੀ ਦੇਰ ਤਕ ਨਾਲ ਦੀ ਕੰਮ ਕਰਨ ਵਾਲੀ ਸਾਰੀ ਟੀਮ ਹੀ ਗੁਰਮਤੀ ਜੀਵਨ ਜੀਉਣ ਵਾਲੀ ਨਾ ਹੋਵੇ।

ਹੁਣ ਜਦ ਨਵੀਂ ਕਮੇਟੀ ਦੀ ਸਿਰਜਨਾ ਕੀਤੀ ਜਾਣੀ ਹੈ, ਅਖੰਡ ਕੀਰਤਨੀ ਜਥਾ ਮਹਿਸੂਸ ਕਰਦਾ ਹੈ ਕਿ ਯੋਗ ਕਮੇਟੀ ਤਾਂ ਹੀ ਹੋਂਦ ਵਿਚ ਆ ਸਕਦੀ ਹੈ ਜੇ ਪਾਰਟੀ ਵਲੋਂ ਟਿਕਟ, ਉਪਰ ਦੱਰਸਾਈ ਰਹਿਣੀ ਬਹਿਣੀ ਵਾਲੇ ਸਜਣਾਂ ਨੂੰ ਹੀ ਦਿਤੇ ਜਾਣ।

ਗੁਰਦੁਆਰਾ ਪ੍ਰਬੰਧ ਦੇ ਮਸਲੇ ਵਿਚ ਸਿਆਸੀ ਭਾਵਨਾਵਾਂ ਵਾਲਿਆਂ ਨਾਲੋਂ ਧਾਰਮਕ ਭਾਵਨਾਵਾਂ ਵਾਲੇ ਸਜਣਾਂ ਨੂੰ ਤਰਜੀਹ ਦਿਤੀ ਜਾਣੀ ਚਾਹੀਦੀ ਹੈ, ਤਦ ਹੀ ਕੌਮ ਦਾ ਕੁਝ ਸੌਰ ਸਕਦਾ ਹੈ।

ਜਿਥੋਂ ਤਕ ਚੋਣ-ਮੈਨੀਫ਼ੈਸਟੋ ਦਾ ਸਬੰਧ ਹੈ, ਇਸ ਵਿਚ ਹੇਠ ਲਿਖੇ ਕਾਰਜਾਂ ਦੀ ਪੂਰਤੀ ਲੋੜੀਂਦੀ ਹੈ। ਇਸ ਦਾ ਭਰੋਸਾ ਮੈਨੀਫ਼ੈਸਟੋ ਵਿਚ ਦਿਵਾਇਆ ਜਾਵੇ।

੧. ਸ਼੍ਰ: ਗੁ: ਪ੍ਰ: ਕਮੇਟੀ ਸਿਧਾਂਤਕ ਤੌਰ ਤੇ ਮੰਨ ਚੁਕੀ ਹੈ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀਆਂ ਬੀੜਾਂ ਦੀ ਵਿਕਰੀ ਬੰਦ ਕੀਤੀ ਜਾਵੇਗੀ। ਇਸ ਨੂੰ ਅਮਲ ਵਿਚ ਲਿਆਉਣ ਦਾ ਹੀ ਸਮਾਂ ਨਿਸਚਿਤ ਕੀਤਾ ਜਾਣਾ ਚਾਹੀਦਾ ਹੈ।

੨. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਤਖ਼ਤਾਂ ਤੇ ਸਥਾਪਿਤ ਕੀਤਾ ਜਾਣਾ ਚਾਹੀਦਾ ਹੈ। ਇਸ ਸਮੇਂ ਤਖ਼ਤਾਂ ਤੇ ਕੇਵਲ ਸ਼ਸਤਰ ਹਨ। ਲੋੜ ਹੈ ਸ਼ਸਤਰਾਂ ਨਾਲ ਸ਼ਸਤਰਾਂ ਦੇ ਵਾਲੀ ਦੀ।

੩. ਗੁਰਦੁਆਰਿਆਂ ਦੇ ਪ੍ਰਬੰਧ ਵਿਚ ਸੁਧਾਰ ਕੀਤਾ ਜਾਵੇ। ਪ੍ਰਚਲਤ ਕੁਰੀਤੀਆਂ ਦੂਰ ਕੀਤੀਆਂ ਜਾਣ।

੪. ਧਰਮ ਪਰਚਾਰ ਤੇਜ਼ ਕੀਤਾ ਜਾਵੇ। ਅੰਮ੍ਰਿਤ-ਸਿੰਚਾਰ ਦਾ ਹੜ ਲਿਆਂਦਾ ਜਾਏ।

੫. ਨਸ਼ਿਆਂ ਦੇ ਸੇਵਨ ਵਿਰੁਧ ਤਕੜੇ ਪਧਰ ਤੇ ਲਹਿਰ ਚਲਾਈ ਜਾਵੇ।

੬. ਦੇਸ਼ ਭਰ ਵਿਚ ਖਾਲਸਾ ਕਾਲਜਾਂ ਅਤੇ ਖਾਲਸਾ ਸਕੂਲਾਂ ਨੂੰ ਇਕ ਪ੍ਰਬੰਧ ਥਲੇ ਲਿਆਂਦਾ ਜਾਏ। ਇਨ੍ਹਾਂ ਸੰਸਥਾਵਾਂ ਦਾ ਅੰਮ੍ਰਿਤਧਾਰੀ ਤਿਆਰ-ਬਰਤਿਆਰ ਸਟਾਫ਼ ਰਖਿਆ ਜਾਵੇ।

੭. ਸਾਰੀਆਂ ਸੰਸਥਾਂ ਵਿਚੋਂ ਉਮਰੋਂ ਟੱਪ ਚੁਕੇ ਵਿਅਕਤੀਆਂ ਨੂੰ ਰਿਟਾਇਰ ਕਰ ਕੇ ਉਨ੍ਹਾਂ ਦੀ ਥਾਵੇਂ ਨੌਜਵਾਨ ਉਤਸ਼ਾਹੀ ਗੁਰਸਿਖਾਂ ਨੂੰ ਨਿਯੁਕਤ ਕੀਤਾ ਜਾਵੇ।

੮. ਸ਼੍ਰ: ਗੁ: ਪ੍ਰ: ਕਮੇਟੀ ਵਲੋਂ ਪ੍ਰਕਾਸ਼ਤ ਗੁਰਮਤਿ ਸਾਹਿਤ ਬਹੁਤ ਮਹਿੰਗਾ ਹੈ। ਇਸ ਦਾ ਕਾਰਨ ਅਵੇਸਲਾਪਣ ਅਤੇ ਅਣਗਹਿਲੀ ਹੈ। ਕਈ ਗੁਟਕੇ ਤੇ ਪੋਥੀਆਂ ਮਿਲਦੀਆਂ ਹੀ ਨਹੀਂ। ਸਾਰਾ ਸਾਹਿੱਤ ਛਪਵਾ ਕੇ ਸਸਤੇ ਮੁੱਲ ਤੇ ਦਿਤੇ ਜਾਣ ਦੀ ਲੋੜ ਹੈ।

ਅਖੀਰ ਤੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਜੇ ਪਾਰਟੀ ਦਾ ਧਾਰਮਕ ਪੱਖ ਸਬੱਲ ਹੋ ਗਿਆ ਤਾਂ ਸਿਆਸੀ ਟੀਚੇ ਵੀ ਜਿਹੜੇ ਸਮੇਂ ਸਮੇਂ ਮਿਥੇ ਜਾਂਦੇ ਹਨ, ਸੁਤੇ ਹੀ ਸਿਰੇ ਚੜ੍ਹ ਸਕਣਗੇ।

ਖਾਲਸਾ ਜੀ ਦਾ ਸੇਵਾਦਾਰ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫ਼ਤਰ, ਅੰਮ੍ਰਿਤਸਰ

---

**ਪ੍ਰੋਗਰਾਮ ਕੈਂਸਲ** ਭਾਈ ਸਤਿਨਾਮ ਸਿੰਘ ਜੀ ਚੰਡੀਗੜ੍ਹ ਦੇ ਪਿਤਾ ਜੀ ਦਾ ਅਕਾਲ ਚਲਾਣਾ ਹੋ ਜਾਣ ਕਰਕੇ, ਉਨ੍ਹਾਂ ਦੇ ਗ੍ਰਹਿ ਵਿਖੇ ੧੭ ਫਰਵਰੀ ਨੂੰ ਰੈਣ ਸਬਾਈ ਕੀਰਤਨ ਪ੍ਰੋਗਰਾਮ ਨਹੀਂ ਹੋ ਰਹੇ। ਇਹ ਪ੍ਰੋਗਰਾਮ ੩੭ ਸਫ਼ੇ ਤੇ ਛਪ ਚੁਕਾ ਹੈ।



www.AKJ.Org

# ਨਕਲੀ ਨਿਰੰਕਾਰੀ ਸੋਚ ਕੇ ਦਸਣ ?

[ਦੰਭ ਨਿਵਾਰਨ ਦੁਸ਼ਟ ਦਮਨ ਦਲ ਵਲੋਂ ਦਸ ਸਵਾਲ]

(੧) ਕੀ ਸਾਰੇ ਬ੍ਰਹਿਮੰਡ ਵਿਚ ਵਿਆਪਕ ਪਰਮੇਸ਼ਰ ਨੂੰ, ਜੋ ਕਿ ਨਿਰਾਕਾਰ ਹੈ, ਹੱਥਾਂ ਨਾਲ ਡੱਬੇ ਦਾ ਅਕਾਰ ਬਣਾ ਕੇ ਸੰਪੂਰਨ ਭਾਂਤ ਦਸਿਆ ਜਾ ਸਕਦਾ ਹੈ ? ਕੀ ਅਜਿਹਾ ਰੂਹਾਨੀ ਅਨੁਭਵ ਕਿਸੇ ਹੋਰ ਸੂਫੀ ਸੰਤ ਭਗਤ ਨੇ ਵੀ ਪ੍ਰਗਟਾਇਐ ? ਨਕਲੀ ਨਿਰੰਕਾਰੀ ਸੋਚ ਕੇ ਦੱਸਣ।

(੨) 'ਸੰਪੂਰਨ ਅਵਤਾਰ ਬਾਣੀ' ਕਿਸ ਨੇ ਰਚੀ ਹੈ, ਜਦੋਂ ਕਿ ਸਾਫ਼ ਤੌਰ ਤੇ ਲਿਖਿਆ ਹੈ ਕਿ ਅਵਤਾਰ ਸਿੰਘ ਉਸ ਨੂੰ ਸੋਧਣ ਵਾਲਾ ਹੈ ?

(੩) ਅਵਤਾਰ ਸਿੰਘ 'ਜਗਤ ਪਿਤਾ' ਤੇ ਬੁਧਿਵੰਤੀ ਜਗਤ-ਮਾਤਾ ਹੈ, ਇਹ ਕਿਹੜਾ ਮੰਤਕ ਹੈ ਜਿਸ ਨਾਲ ਇਹ ਦੋਵੇਂ ਤੀਵੀਂ ਪੁਰਸ਼ ਸਾਰੇ ਸੰਸਾਰ ਦੇ ਮਾਪੇ ਬਣ ਗਏ ?

(੪) ਮਾਈ ਬੁੱਧਾਂ ਦਾ ਪੁਤਰ ਗੁਰਬਚਨ ਸਿੰਘ, ਜੋ ਕਿ ਸਵਾ ਪੰਜ ਫੁਟ ਲੰਮਾ ਤੇ ਤਿੰਨ ਫੁਟ ਚੌੜੇ ਆਕਾਰ ਵਾਲਾ ਹੈ, ਇਹ 'ਨਿਰੰਕਾਰ' ਕਿਵੇਂ ਹੋ ਗਿਆ ?

(੫) ਸੋਨੇ ਚਾਂਦੀ ਦੇ ਮੁਕਟ ਲੰਾਉਣ ਵਾਲਾ, ਨੋਟਾਂ ਨਾਲ ਆਪਣਾ ਆਪ ਤੁਲਵਾਉਣ ਵਾਲਾ ਮਾਇਆ-ਵਾਦੀ ਆਦਮੀ, ਈਸ਼ਵਰਵਾਦੀ (ਜਾਂ ਨਿਰੰਕਾਰੀ) ਕਿਵੇਂ ਹੋ ਸਕਦਾ ਹੈ ?

(੬) ਗੁਰਬਚਨ ਸਿੰਘ ਦਾ ਆਪਣੇ ਆਪ ਨੂੰ 'ਨਿਰੰਕਾਰੀ ਬਾਬਾ' ਕਹਿਣਾ ਕਿਥੋਂ ਤਕ ਉਚਿਤ ਹੈ ? ਜਦੋਂ ਕਿ ਇਹ ਗੁਰੂ ਨਾਨਕ ਸਾਹਿਬ ਦਾ ਪ੍ਰਸਿੱਧ ਵਿਸ਼ੇਸ਼ਣ ਹੈ ?

(੭) 'ਨਿਰੰਕਾਰੀ' ਇਕ ਸਿਖ ਜਾਗ੍ਰਤੀ ਲਹਿਰ ਸੀ, ਜਿਸ ਨੇ ਮੂਰਤੀ-ਪੂਜਾ ਰੋਕ ਕੇ ਨਿਰੰਕਾਰੀ ਪੂਜਾ ਦ੍ਰਿੜ੍ਹ ਕਰਾਈ। ਤੁਸੀਂ ਉਨ੍ਹਾਂ ਦਾ ਨਾਮ ਵਰਤਣ ਦੀ ਠੱਗੀ ਕਿਵੇਂ ਕਰ ਸਕਦੇ ਹੋ ?

(੮) ਜੇ ਤੁਸੀਂ ਰੂਹਾਨੀਅਤ ਦੇ ਦਾਅਵੇਦਾਰ ਤੇ ਬਿਰੱਕਤ ਭਗਤ ਹੋ, ਤੁਹਾਡੇ ਪਾਸ ਲੱਖਾਂ ਕਰੋੜਾਂ ਰੁਪਏ ਕਿਥੋਂ ਆਉਂਦੇ ਹਨ ?

(੯) ਪ੍ਰਧਾਨ ਮੰਤਰੀ ਪੁਛਦੇ ਹਨ, ਕੀ ਦੂਜੇ ਧਰਮਾਂ ਨੂੰ ਗਾਲ੍ਹੀ ਦੇਣਾ ਹੀ ਧਰਮ ਪ੍ਰਚਾਰ ਹੈ ? ਜੇ ਨਹੀਂ ਤਾਂ ਨਿਰੰਕਾਰੀ ਖਿੜ ਕੇ ਇਉਂ ਕਿਉਂ ਕਰਦੇ ਹਨ ?

(੧੦) ਇਹ ਅਮਨ ਦਾ ਅਵਤਾਰ, ਹਥਿਆਰਬੰਦ ਸੇਵਾ ਦਲ ਕਿਉਂ ਰਖਦਾ ਹੈ ?

ਪ੍ਰੋ: ਪਿਆਰਾ ਸਿੰਘ ਪਦਮ ਲਿਖਤ ਟ੍ਰੈਕਟ "ਨਨਕਾਰੀਏ" ਵਿਚੋਂ

# ਨਕਲੀ ਨਿਰੰਕਾਰੀ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਲੜ ਫੜ ਲਿਆ

ਨੰਬਰਦਾਰ ਜਲੌਤ ਸਿੰਘ ਨਿਵਾਸੀ ਪਿੰਡ ਡੱਲਾ ਜ਼ਿਲਾ ਜਲੰਧਰ ਨੇ ੨੩ ਜਨਵਰੀ ੧੯੭੯ ਨੂੰ ਗੁਰਦਵਾਰਾ ਸਾਹਿਬ ਵਿਖੇ ਸੰਗਤ ਇਕੱਠੀ ਕਰ ਕੇ ਆਪਣੇ ਨਕਲੀ ਨਿਰੰਕਾਰੀ ਧਰਮ ਨੂੰ ਛਡਣ ਦਾ ਐਲਾਨ ਕੀਤਾ ਹੈ। ਉਨ੍ਹਾਂ ਨੇ ਆਪਣੀ ਪਿਛਲੀ ਭੁਲ ਮੰਨੀ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਲੜ ਫੜ ਲਿਆ ਹੈ। ਇਸੇ ਖੁਸ਼ੀ ਵਿਚ ਉਹ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਠ ੨੬ ਜਨਵਰੀ ੧੯੭੯ ਨੂੰ ਕਰਵਾ ਰਹੇ ਹਨ।

ਦਾਸਰਾ—ਕਰਮ ਸਿੰਘ (ਜਥੇਦਾਰ), ਪਿੰਡ ਡੱਲਾ, ਡਾਕਖਾਨਾ ਭੋਗਪੁਰ ਜ਼ਿਲਾ ਜਲੰਧਰ

# ਮੰਡੀ ਮੁਲਾਂਪੁਰ ਦਾਖਾ ਅਤੇ ਮੋਗਾ ਵਿਖੇ ਰੈਣ ਸਬਾਈ ਕੀਰਤਨ

ਗਿਆਨੀ ਨਾਹਰ ਸਿੰਘ ਜੀ ਮੰਡੀ ਮੁਲਾਂਪੁਰ ਦਾਖਾ ਇਤਲਾਹ ਦਿੰਦੇ ਹਨ ਕਿ ੨੪ ਫ਼ਰਵਰੀ ਦੀ ਰਾਤ ਨੂੰ ਮੁਲਾਂਪੁਰ ਵਿਖੇ ਅਤੇ ੨੪ ਮਾਰਚ ਦੀ ਰਾਤ ਨੂੰ ਖਾਲਸਾ ਗਰਲਜ਼ ਹਾਈ ਸਕੂਲ ਮੋਗਾ ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਇਨ੍ਹਾਂ ਦੋਹਾਂ ਪ੍ਰੋਗਰਾਮਾਂ ਵਿਚ ਭਾਈ ਮਹਿੰਦਰ ਸਿੰਘ ਜੀ ਐਸ. ਡੀ. ਓ. ਅਤੇ ਲੁਧਿਆਣਾ, ਮੁਲਾਂਪੁਰ ਤੇ ਮੋਗੇ ਦੇ ਅਖੰਡ ਕੀਰਤਨੀ ਜਥੇ ਹਾਜ਼ਰੀਆਂ ਭਰਨਗੇ।



www.AKJ.Org

## ਅਖੰਡ ਕੀਰਤਨੀ ਜਥਾ (ਚਲਦਾ ਵਹੀਰ) ਵਲੋਂ ਪਿੰਡਾਂ ਵਿਚ

# ਗੁਰਮਤਿ ਪਰਚਾਰ ਅਤੇ ਅੰਮ੍ਰਿਤ ਸਿੰਚਾਰ

੧੯੭੮ ਦੇ ਵੈਸਾਖੀ ਦੇ ਸ਼ਹੀਦਾਂ ਦੇ ਸੰਗੀ-ਸਾਥੀ ਸੇਵਕਾਂ ਵਲੋਂ ਅਖੰਡ ਕੀਰਤਨ ਅਤੇ ਅੰਮ੍ਰਿਤ-ਸਿੰਚਾਰ ਦੇ ਪ੍ਰੋਗਰਾਮ ਫ਼ਰਵਰੀ ੧੯੭੯ ਦੇ ਹੇਠ ਲਿਖੇ ਹੋਣਗੇ –

**ਫ਼ਰਵਰੀ**–ਜ਼ਿਲਾ ਅੰਮ੍ਰਿਤਸਰ–੨ ਪਿੰਡ ਭੰਗਵਾ (ਜੰਡਿਆਲਾ ਗੁਰੂ ਰੇਲਵੇ ਸਟੇਸ਼ਨ ਨੇੜੇ), ੩–ਗਹਰੀ ਮੰਡੀ, ੪–ਵਡਾਲਾ ਜੌਹਲ, ੫–ਗਦਲੀ, ੬–ਦਸਮੇਸ਼ ਨਗਰ, ੭ ਤੋਂ ੧੧ ਪਟਿਆਲਾ ਸਾਲਾਨਾ ਸਮਾਗਮ, ੧੨–ਨਾਗੋਕੇ, ੧੩–ਵੈਰੋਵਾਲ (ਖਡੂਰ ਸਾਹਿਬ ਨੇੜੇ), ੧੪–ਹੋਠੀਆਂ, ੧੫–ਵੜਿੰਗ ਸੂਬਾ ਸਿੰਘ (ਅੰਮ੍ਰਿਤ-ਸਿੰਚਾਰ ਤੇ ਕੀਰਤਨ), ੧੬–ਪਿੰਡਾਂ ਬੱਚੀਵਿੰਡ, ਮੋਦੇ, ਘਰਿੰਡਾ ਅਤੇ ਭੈਣੀ ਬਾਸਰਕੇ ਤੋਂ ਬਿਰਧ ਬੀੜਾਂ ਇਕੱਤਰ ਕਰਨੀਆਂ, ੧੭–ਅੰਮ੍ਰਿਤਸਰ ਗੁ: ਰਾਮਸਰ ਸਾਹਮਣੇ ਸ਼ਹੀਦਾਂ ਦੇ ਸਸਕਾਰ-ਅਸਥਾਨ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ।

**ਜ਼ਿਲਾ** ਗੁਰਦ ਸਪੁਰ :- ੧੯–ਗੋਦਰਪੁਰ ਉਧੋਵਾਲ ਜੀ. ਟੀ. ਰੋਡ, ੨੦–ਨੌਸ਼ਹਿਰਾ ਮੱਝਾ ਸਿੰਘ (ਬਟਾਲਾ ਰੋਡ) ਸਰਪੰਚ ਸੁਰਿੰਦਰ ਸਿੰਘ, ੨੧–ਮੁਰੀਦ ਕੇ, ੨੨ ਤੋਂ ੨੫–ਘਣੀਏ ਕੇ ਬਾਂਗਰ (ਸ੍ਰੀ ਅਖੰਡਪਾਠ ਤੇ ਕੀਰਤਨ), ੨੬–ਜ਼ਫਰਵਾਲ (ਧਾਰੀਵਾਲ ਲਾਗੇ), ੨੭–ਖੁੰਡਾ, ੨੮ ਸਿਧਵਾਂ (ਸ੍ਰੀ ਹਰਿਗੋਬਿੰਦ ਪੁਰ ਰੋਡ ।

ਨੋਟ :—ਪਿੰਡਾ ਵਿਚ ਸ਼ਾਮ ਨੂੰ ੭ ਤੋਂ ੧੦ ਅਤੇ ਸਵੇਰੇ ੫ ਤੋਂ ੭ ਪ੍ਰੋਗਰਾਮ ਹੋਣਗੇ । ਆਮ ਤੌਰ ਤੇ ਪ੍ਰੋਗਰਾਮ ਗੁਰਦਵਾਰਾ ਸਾਹਿਬ ਵਿਖੇ ਹੋਵੇਗਾ । ਜਥਾ ਸ਼ਾਮ ਤਕ ਸਬੰਧਤ ਪਿੰਡ ਵਿਚ ਪੁਜ ਜਾਇਆ ਕਰੇਗਾ । ਜਥਾ ਗੁਰਦਵਾਰੇ ਵਿਚ ਪਈਆਂ ਬਿਰਧ ਬੀੜਾਂ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸਤਿਕਾਰ ਲਈ ਯੋਗ ਪਰਬੰਧ ਕਰੇਗਾ । ਲੋੜ ਅਨੁਸਾਰ ਕਿਸੇ ਪ੍ਰੋਗਰਾਮ ਵਿਚ ਤਬਦੀਲੀ ਹੋ ਸਕਦੀ ਹੈ ।

ਪੁਛ ਗਿਛ—(੧) ਮਾਸਟਰ ਨਿਰੰਜਨ ਸਿੰਘ ਜੀ, ਮੋਹਰ ਚੰਦ ਰੋਡ, ਗੁਰਦਾਸਪੁਰ ।
(੨) ਬੀਬੀ ਅਮਰਜੀਤ ਕੌਰ ਜੀ, ਤੇ (੩) ਮਾ: ਜਸਵੰਤ ਸਿੰਘ ਜੀ, ੫੪੨-ਈਸਟ ਮੋਹਨ ਨਗਰ, ਅੰਮ੍ਰਿਤਸਰ ।

ਸੰਗਤਾਂ ਦਾ ਦਾਸ, ਜਥੇਦਾਰ ਅਖੰਡ ਕੀਰਤਨੀ ਜਥਾ (ਚਲਦਾ ਵਹੀਰ), ਸ੍ਰੀ ਅੰਮ੍ਰਿਤਸਰ

---

# ਮਲੇਰ ਕੋਟਲਾ (ਸੰਗਰੂਰ) ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾ: ਉਜਾਗਰ ਸਿੰਘ ਜੀ ਫਰਵਾਲੀ ਡਾਕ ਘਰ ਲੋਹਟਬਦੀ ਇਤਲਾਹ ਦਿੰਦੇ ਹਨ ਕਿ ਗੁ: ਸ੍ਰੀ ਗੁਰੂ ਨਾਨਕ ਦਰਬਾਰ ਨੇੜੇ ਕਚਹਿਰੀ ਮਲੇਰ ਕੋਟਲਾ ਵਿਖੇ ੧੭ ਫਰਵਰੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ । ਆਇ ਦੀਦਾਰ ਬਖਸ਼ੋ ਜੀ ।

ਦਾਸਰਾ—ਅਮੁੱਲ ਸਿੰਘ ਗ੍ਰੰਥੀ, ਗੁਰਦਵਾਰਾ ਸਾਹਿਬ, ਮਲੇਰ ਕੋਟਲਾ (ਸੰਗਰੂਰ)

---

## ਭਾਈ ਸਾਹਿਬ ਜੀਵਨ ਸਿੰਘ ਜੀ ਰਾਗੀ ਦਾ ਕੈਨੇਡਾ ਵਿਖੇ ਹੁਣ ਦਾ ਐਡਰੈਸ

C. O 200-361 WATER STREET, VANCOUVER. B. C. V6B-4RI

**ਜੰਤਰੀ 1979** ਐਤਕੀ 'ਸੂਰਾ' ਪਾਠਕਾਂ ਨੂੰ ਨਹੀਂ ਭੇਜੀ ਗਈ, ਕਿਉਂਕਿ ਕੁਝ ਸਜਣਾਂ ਨੇ ਇਤਰਾਜ਼ ਕੀਤਾ ਸੀ ।



www.AKJ.Org

## ਹੋਲਾ ਮਹੱਲਾ ਸ੍ਰੀ ਅਨੰਦਪੁਰ ਸਾਹਿਬ ਵਿਖੇ

### ਅਖੰਡ ਕੀਰਤਨੀ ਜੱਥਿਆਂ ਵਲੋਂ ੧੧ ਤੋਂ ੧੪ ਮਾਰਚ ਸਵੇਰ ਤਕ ਪ੍ਰੋਗਰਾਮ ਹੋਣਗੇ।

ਵੇਰਵਾ ਆਉਂਦੇ ਪਰਚੇ ਵਿਚ ਦਿਤਾ ਜਾਵੇਗਾ।

## ਰਾਵਤ ਭਾਟਾ (ਕੋਟਾ) ਵਿਖੇ ਰੈਣ ਸਬਾਈ ਕੀਰਤਨ

ਕੋਟਾ ਤੇ ਰਾਵਤ ਭਾਟਾ ਦੀਆਂ ਸੰਗਤਾਂ ਨੂੰ ਬੇਨਤੀ ਹੈ ਕਿ ਰਾਵਤ ਭਾਟਾ ਗੁ: ਸਿੰਘ ਸਭਾ ਵਿਖੇ ੧੦ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸੰਗਤਾਂ ਹੁਮ-ਹੁਮਾ ਕੇ ਪੁਜਣ ਦੀ ਕ੍ਰਿਪਾਲਤਾ ਕਰਨ।

ਦਾਸਰੇ—ਅਖੰਡ ਕੀਰਤਨੀ ਜਥਾ, ਰਾਵਤ ਭਾਟਾ (ਕੋਟਾ)

## ਚੰਡੀਗੜ੍ਹ ਵਿਖੇ ਰੈਣ ਸਬਾਈ ਕੀਰਤਨ

ਭਾਈ ਸਤਨਾਮ ਸਿੰਘ ਜੀ (ਐਗਰੀਕਲਚਰ ਕੈਸ਼ੀਅਰ) ਦੀ ਕੋਠੀ ਨੰਬਰ 245, ਸੈਕਟਰ 35—ਏ (ਨੇੜੇ ਗੁਰਦੁਆਰਾ ਸਾਹਿਬ) ਵਿਖੇ ੧੭ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਮਾਈ ਭਾਈ ਹਾਜ਼ਰੀਆਂ ਭਰ ਕੇ ਅਨੰਦ ਮਾਣੋ ਜੀ।

## ਫ਼ੀਰੋਜ਼ਪੁਰ ਸ਼ਹਿਰ ਵਿਖੇ ਰੈਣ ਸਬਾਈ ਕੀਰਤਨ

ਭਾਈ ਬਲਵੰਤ ਸਿੰਘ ਜੀ ਖ਼ਾਲਸਾ ਇਤਲਾਹ ਦਿੰਦੇ ਹਨ ਕਿ ੧੭ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਕਾਂਸ਼ੀ ਨਗਰੀ ਗਲੀ ਨੰਬਰ 2—3 ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮੂਹ ਗੁਰਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਗੁਰੂ ਕੀਆਂ ਖ਼ੁਸ਼ੀਆਂ ਪ੍ਰਾਪਤ ਕਰਨ।

## ਨਵਾਂ ਪਿੰਡ (ਪੱਟੀ) ਵਿਖੇ ਰੈਣ ਸਬਾਈ ਤੇ ਅੰਮ੍ਰਿਤ ਸਿੰਚਾਰ

ਅਖੰਡ ਕੀਰਤਨੀ ਜਥਾ ਪੱਟੀ ਵਲੋਂ ਨਵਾਂ ਪਿੰਡ (ਨੇੜੇ ਅਲਗੋਂ ਕੋਠੀ, ਅੰਮ੍ਰਿਤਸਰ—ਖੇਮਕਰਨ ਰੋਡ) ਵਿਖੇ ੩ ਫ਼ਰਵਰੀ ਨੂੰ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ ਪ੍ਰੋਗਰਾਮ ਹੋ ਰਹੇ ਹਨ। ਗੁਰੂ ਚਰਨਾਂ ਦੇ ਭੌਰੇ ਪੁਜ ਕੇ ਲਾਭ ਪ੍ਰਾਪਤ ਕਰਨ।

## ਪਿੰਡ ਗੰਨਾ ਚੱਕ (ਜਲੰਧਰ) ਵਿਖੇ ਰੈਣ ਸਬਾਈ ਕੀਰਤਨ

ਗੰਨਾ ਚੱਕ ਡਾਕਘਰ ਬਸਤੀ ਗੁਜਾਂ (ਜਲੰਧਰ) ਭਾਈ ਕੇਵਲ ਸਿੰਘ ਜੀ ਦੇ ਗ੍ਰਿਹਿ ਵਿਖੇ ੧੭ ਫ਼ਰਵਰੀ ਸ਼ਨੀਵਾਰ ਦੀ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਜਲੰਧਰ ਨਵੇਂ (ਲੋਕਲ) ਅੱਡੇ ਤੋਂ ਘਵਾਲੇ ਨੂੰ ਜਾਣ ਵਾਲੀ ਬਸ ਸ਼ਾਮ ੪-੪੫ ਚਲਦੀ ਹੈ। ਸੰਗਤਾਂ ਦੀ ਸੇਵਾ ਲਈ ਭਗਤ ਸਿੰਘ ਚੌਕ ਜਲੰਧਰ ਤੋਂ ਸ਼ਾਮ ਨੂੰ ਟ੍ਰਾਲੀ ਚਲੇਗੀ।

## ਪਿੰਡ ਧੀਰਪੁਰ (ਜਲੰਧਰ) ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ ਸਿੰਚਾਰ

ਮਾਸਟਰ ਗੁਰਬਚਨ ਸਿੰਘ ਜੀ ਦਿਆਲਪੁਰ ਇਤਲਾਹ ਦਿੰਦੇ ਹਨ ਕਿ ੩ ਮਾਰਚ ਸ਼ਨੀਵਾਰ ਰਾਤ ਨੂੰ ੭ ਤੋਂ ੧੨ ਵਜੇ ਤਕ ਮਾਸਟਰ ਬਲਦੇਵ ਸਿੰਘ ਜੀ ਪਿੰਡ ਧੀਰਪੁਰ ਦੇ ਗ੍ਰਿਹਿ ਵਿਖੇ ਅਖੰਡ ਕੀਰਤਨ ਤੇ ਅੰਮ੍ਰਿਤ-ਸਿੰਚਾਰ ਹੋ ਰਹੇ ਹਨ। ਸੰਗਤਾਂ ਹੁਮ ਹੁਮਾ ਕੇ ਦਰਸ਼ਨ ਦੇਣ। ਅੰਮ੍ਰਿਤ-ਅਭਿਲਾਖੀਆਂ ਨੂੰ ਪ੍ਰੇਰ ਕੇ ਲਿਆਓ ਜੀ। ਪਿੰਡ ਧੀਰਪੁਰ, ਹਮੀਰਾਂ ਮਿਲ ਤੋਂ ਭੁਲੱਥਾਂ ਵਾਲੀ ਸੜਕ ਤੇ ਇਕ ਕਿਲੋਮੀਟਰ ਹੈ।


www.AKJ.Org

# ਸ਼ਹੀਦੀ ਫ਼ੰਡ--ਹਿਸਾਬ ਕਿਤਾਬ ਦਾ ਚਿੱਠਾ

ਨੋਟ–ਜਿਹੜਾ ਵੀ ਸਜਣ ਸ਼ਹੀਦੀ ਫੰਡ ਲਈ ਕੋਈ ਰਕਮ ਬੈਂਕ-ਡਰਾਫ਼ਟ ਰਾਹੀਂ ਭੇਜਣਾ ਚਾਹੇ ਉਹ ਡਰਾਫ਼ਟ ਵਿਚ ਕੇਵਲ "ਅਖੰਡ ਕੀਰਤਨੀ ਜਥਾ" ਹੀ ਲਿਖਵਾਣ, ਹੋਰ ਕੋਈ ਨਾਮ ਵੀ ਡਰਾਫ਼ਟ ਵਿਚ ਨਾ ਲਿਖਾਇਆ ਜਾਵੇ। ਦਾਸਰਾ–ਮੈਨੇਜਰ

'ਸੂਰਾ' ਜਨਵਰੀ ਵਿਚ ਦਿਤੇ ਹਿਸਾਬ ਤੋਂ ਅਗੇ ਹੇਠ ਲਿਖੇ ਅਨੁਸਾਰ ਹੈ :–

## ਆਮੰਦਨ

| | |
|---|---|
| ਦੋ ਗੁਰਮੁਖ ਪਿਆਰੇ, ਦਿਲੀ | ੨੫-੦ |
| ਸੰਗਤ, ਵੈਸਟ ਜ਼ੋਨ ਕਾਲੋਨੀਜ਼, ਦਿਲੀ | ੨੬੨-੦ |
| WO ਮੁਖਤਾਰ ਸਿੰਘ, No.4, F.B.S.U. ਏਅਰ ਫੋਰਸ | ੩੧-੦ |
| ਸ੍ਰੀ ਸੁਖਮਨੀ ਸੇਵਾ ਸੁਸਾਇਟੀ, ਲੁਧਿਆਣਾ | ੧੨੧-੦ |
| ਸ: ਉਜਾਗਰ ਸਿੰਘ ਫਰਵਾਲੀ, ਡਾਕਘਰ ਲੋਹਟਬਦੀ (ਸੰਗਰੂਰ) | ੭੫-੦ |
| ਸ: ਜਸਵੰਤ ਸਿੰਘ ਜੀ, ਏਅਰ ਫੋਰਸ, ਅੰਮ੍ਰਿਤਸਰ | ੫੦-੦ |
| ਗੁਪਤ ਭੇਟਾ, ਪਿੰਡ ਮਹੇਸ਼ੀ ਤਸੀਲ ਮੋਗਾ | ੭੦-੦ |
| ਭਾਈ ਮਦਨ ਸਿੰਘ ਜੀ, 11 Apolloway, perrybarr Birmingham-20 U.K. | ੩੧੨੫-੦ |
| ਨੈਕ ਬੀਰ ਸਿੰਘ ਨੰ: ੩੫੩੦੫੦੯, ਸਰਸਾਵਾ (ਸਹਾਰਨਪੁਰ) | ੨੫-੦ |
| ਸ: ਰਣਜੀਤ ਸਿੰਘ ਸਪੁਤਰ ਸ: ਭੋਲਾ ਸਿੰਘ ਜੀ, ਜੈਰਾਮਪੁਰ (ਕਪੂਰਥਲਾ) | ੧੦੦-੦ |
| ਸ: ਇੰਦਰਪਾਲ ਸਿੰਘ ਜੀ, ਨੇਵੀ ਨਗਰ, ਬੰਬੇ | ੧੦੦-੦ |
| ਸ: ਅਵਤਾਰ ਸਿੰਘ ਜੀ ਡਰਾਫਟਸਮੈਨ, ਫ਼ਰੱਕਾ ਬੈਰਿਜ (ਮੁਰਸ਼ਿਦਾਬਾਦ) | ੫੦੦-੦ |
| ਅਖੰਡ ਕੀਰਤਨੀ ਜਥਾ, ਭੋਪਾਲ | ੧੨੫-੦ |
| ਸ; ਪਿਆਰਾ ਸਿੰਘ ਸੱਗੂ ਪਰਵਾਰ ਵਲੋਂ, ਐਡਮੋਂਟਨ, ਕੈਨੇਡਾ | ੬੭-੩੬ |
| ਸੰਗਤ INS Vikrani ਐਫ. ਐਮ. ਓ. ਬੰਬੇ-੧ | ੩੬੦-੨੫ |
| Gurdwara Sabha Ltd. Medway Town, Cossack St, Rochester Kent U.K | ੮੧੫-੪੯ |
| ਨੈਬ ਸੂਬੇਦਾਰ ਅਮਰੀਕ ਸਿੰਘ, ੪੫੬ ਆਰਮਡ ਟਰੁਪਸ ਵਰਕਸ਼ਾਪ ਈ. ਐਮ. ਈ. | ੮੭-੦ |
| ਸ: ਪ੍ਰਿਥੀਪਾਲ ਸਿੰਘ ਜੀ, ਬੀ-੩।੧੪੧-ਏ, ਜਨਕਪੁਰੀ, ਨਵੀਂ ਦਿਲੀ-੫੮ | ੧੦੦-੦ |
| ਪ੍ਰੋ: ਗਿਆਨ ਸਿੰਘ ਜੀ ਬਸਰਾ ਜਲੰਧਰ ਅਤੇ ਭਾ: ਸੁਰਿੰਦਰ ਸਿੰਘ ਜੀ ਕੋਟਾ | ੩੫-੦ |
| ਬੈਂਕ ਤੋਂ ਸੂਦ | ੧੭੪-੨੨ |
| ਜੋੜ | ੬੨੪੮-੩੨ |
| ਪਿਛਲੀ ਬਾਕੀ | ੧੮੮੫੫-੭੮ |
| ਸਾਰਾ ਜੋੜ | ੨੫੧੦੪-੧੦ |

| | |
|---|---|
| ਖਰਚ—ਟੈਲੀਗਰਾਮਾਂ ਵਖ ਵਖ ਥਾਂ | ੨੯-੭੫ |
| ਡਾਕ ਖਰਚ ੨੬ ਤੋਂ ੨੮ ਦਸੰਬਰ | ੩-੮੫ |
| ਅਜੀਤ ਤੇ ਅਕਾਲੀ ਅਖਬਾਰ | ੨੨-੭੦ |
| ਵਕੀਲ ਨੂੰ | ੨੦੦੦-੦੦ |
| ਡਾਕ ਖਰਚ ੨ ਤੋਂ ੨੨ ਜਨਵਰੀ | ੯-੪੦ |
| ਜੋੜ | ੨੦੬੫-੭੦ |

| | |
|---|---|
| ਜੋੜ ਆਮਦਨ | ੨੫੧੦੪-੧੦ |
| ਖਰਚ | ੨੦੬੫-੭੦ |
| ਬਾਕੀ | ੨੩੦੩੮-੪੦ |

੨੬-੧-੭੯ ਦਾਸਰਾ–ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਅੰਮ੍ਰਿਤਸਰ

www.AKJ.Org

# ਅਖੰਡ ਕੀਰਤਨੀ ਜਥੇ ਦੀ ਜਥੇਬੰਦੀ ਦਾ ਵਿਧਾਨ

(੧) **ਨਾਮ** :–ਜਥੇ ਦਾ ਨਾਮ '**ਅਖੰਡ ਕੀਰਤਨੀ ਜਥਾ**' ਹੋਵੇਗਾ ਅਤੇ ਭਾਰਤ ਭਰ ਅਤੇ ਵਿਦੇਸ਼ਾਂ ਦੇ ਸਮੂਹ ਅਖੰਡ ਕੀਰਤਨੀ ਜਥੇ ਇਸੇ ਨਾਲ ਸੰਮਿਲਤ ਹੋਣਗੇ ।

(੨) **ਮੁੱਖ-ਮੰਤਵ** : ਅਖੰਡ ਕੀਰਤਨੀ ਜਥੇ ਦਾ ਮੰਤਵ ਨਿਸ਼ਕਾਮ ਭਾਵਨਾ ਦੁਆਰਾ ਗੁਰਬਾਣੀ ਦਾ ਪਾਠ ਅਥਵਾ ਕੀਰਤਨ ਕਰ ਕੇ, ਨਾਮ ਜਪ ਕੇ ਨਿੱਜੀ ਜੀਵਨ ਸਫਲ ਕਰਨਾ, ਧਰਮ ਦੀ ਕਿਰਤ-ਵਿਰਤ ਕਰਦਿਆਂ ਹੋਇਆਂ 'ਗੁਰਮਤਿ' ਦਾ, ਕੀਰਤਨ ਰਾਹੀਂ ਤੇ ਲਿਟਰੇਚਰ ਰਾਹੀਂ ਸੰਗਤਾਂ ਵਿਚ ਪਰਚਾਰ ਕਰਨਾ ਅਤੇ ਸਿੱਖੀ ਦੇ ਪਰਸਾਰ ਲਈ ਅੰਮ੍ਰਿਤ ਸਿੰਚਾਰ ਕਰਨਾ ਅਤੇ ਗੁਰੂ ਪੰਥ ਦੀ ਸੇਵਾ ਕਰਨਾ ਹੈ ।

(੩) **ਬਣਤਰ** :

(ੳ) **ਮੈਂਬਰ** :–ਦੇਸ਼ ਤੇ ਵਿਦੇਸ਼ ਦੇ ਸਮੂਹ ਅੰਮ੍ਰਿਤਧਾਰੀ ਸਿੰਘ ਅਤੇ ਉਹਨਾਂ ਦੇ ਪਰਵਾਰਾਂ ਦੇ ਅੰਮ੍ਰਿਤਧਾਰੀ ਵਿਅਕਤੀ ਜਿਹੜੇ ਅਖੰਡ ਕੀਰਤਨੀ ਜਥੇ ਦੇ ਅਨੁਸ਼ਾਸਨ ਦੀ ਪਾਲਣਾ ਕਰਦੇ ਹਨ, ਉਹ ਅਖੰਡ ਕੀਰਤਨੀ ਜਥੇ ਦੇ ਮੈਂਬਰ ਹੋਣਗੇ ।

(ਅ) **ਸਹਾਇਕ** :–ਹਰੇਕ ਸ਼ਹਿਰ, ਪਿੰਡ ਵਿਚ ਵਸਦੇ ਅੰਮ੍ਰਿਤਧਾਰੀ ਗੁਰਸਿਖ ਪਰਵਾਰਾਂ ਦੇ ਪਰਸਪਰ ਮੇਲ-ਮਿਲਾਪ ਅਤੇ ਦੁਖ ਸੁਖ ਵਿਚ ਸਾਂਝ ਪੈਦਾ ਕਰਨ ਲਈ ਉਥੋਂ ਦਾ ਇਕ ਜਾਂ ਵਧੇਰੇ ਸਰਕਰਦਾ ਮੈਂਬਰ ਹੋਣਗੇ । ਜਿਹੜੇ ਸਹਾਇਕ ਦੇ ਤੌਰ ਤੇ ਮੁਖੀ ਸਿੰਘ ਦੇ ਸਹਿਯੋਗੀ ਬਣ ਕੇ ਕੰਮ ਕਰਨਗੇ ।

(ੲ) **ਮੁਖੀ-ਜ਼ਿਲਾ ਸਬ-ਕਮੇਟੀ** : ਹਰੇਕ ਜ਼ਿਲੇ ਦੀ ਜ਼ਿਲਾ ਪੱਧਰ ਤੇ, ਪ੍ਰਾਂਤ ਦੀ ਪ੍ਰਾਂਤਕ ਪੱਧਰ ਤੇ ਅਤੇ ਪ੍ਰਦੇਸ ਦੀ ਦੇਸ ਪੱਧਰ ਤੇ ਆਪਣੇ ਆਪਣੇ ਘੇਰੇ ਵਿਚ ਆਉਂਦੀਆਂ ਸੰਗਤਾਂ ਦੇ 'ਸਹਾਇਕ' ਵਿਅਕਤੀਆਂ ਵਿਚੋਂ ਇਕ ਸਬ-ਕਮੇਟੀ ਬਣਾਈ ਜਾਵੇਗੀ, ਜਿਸ ਦੇ ਮੈਂਬਰ 'ਮੁਖੀ' ਦੇ ਤੌਰ ਤੇ ਕੰਮ ਕਰਨਗੇ ।

(ਸ) **ਪ੍ਰਤੀਨਿਧ** :–ਹਰੇਕ ਜ਼ਿਲੇ, ਪ੍ਰਾਂਤ, ਦੇਸ਼ ਦੇ ਮੁਖੀਆਂ ਦੀ ਸਬ-ਕਮੇਟੀ ਵਿਚੋਂ ਇਕ ਮੈਂਬਰ ਦੀ ਚੋਣ ਕੀਤੀ ਜਾਵੇਗੀ, ਜੋ ਉਸ ਜ਼ਿਲੇ,ਪ੍ਰਾਂਤ, ਦੇਸ਼ ਦੇ ਪ੍ਰਤੀਨਿਧ ਦੇ ਤੌਰ ਤੇ ਕੰਮ ਕਰੇਗਾ ।

(ਹ) **ਕਾਰਜ ਸਾਧਕ ਕਮੇਟੀ** :–ਜ਼ਿਲਿਆਂ, ਪ੍ਰਾਂਤਾਂ, ਪ੍ਰਦੇਸ਼ਾਂ ਦੇ ਪ੍ਰਤੀਨਿਧਾਂ ਦੀ ਇਕ ਕਮੇਟੀ ਬਣਾਈ ਜਾਵੇਗੀ, ਜਿਸ ਨੂੰ ਜਥੇ ਦੀ ਕਾਰਜ ਸਾਧਕ ਕਮੇਟੀ ਕਿਹਾ ਜਾਵੇਗਾ । ਕਾਰਜ ਸਾਧਕ ਕਮੇਟੀ ਦੇ ਮੈਂਬਰਾਂ ਦੀ ਗਿਣਤੀ ਅਰੰਭ ਵਿਚ ਇਸ ਪ੍ਰਕਾਰ ਹੋਵੇਗੀ :–

**ਜ਼ਿਲੇ** :–ਪੰਜਾਬ :–(ਹਰੇਕ ਜ਼ਿਲੇ ਦਾ ਇਕ ਮੈਂਬਰ) ੧੨ ਮੈਂਬਰ

**ਪ੍ਰਾਂਤ**:–ਚੰਡੀਗੜ੍ਹ ੧ ਮੈਂਬਰ — ਹਰਿਆਣਾ ੧ ਮੈਂਬਰ

ਹਿਮਾਚਲ, ਜੰਮੂ, ਕਸ਼ਮੀਰ ੧ ਮੈਂਬਰ — ਦਿੱਲੀ ੧ ਮੈਂਬਰ

ਯੂ. ਪੀ. (ਉਤਰ-ਪ੍ਰਦੇਸ਼) ੧ ਮੈਂਬਰ — ਰਾਜਥਾਨ, ਮੱਧ ਪ੍ਰਦੇਸ਼ ੧ ਮੈਂਬਰ

ਮਹਾਰਾਸ਼ਟਰ, ਗੁਜਰਾਤ, ਕਰਨਾਟਕ, ਤਾਮਲ ਨੈਡੂ ੧ ਮੈਂਬਰ

ਬੰਗਾਲ, ਬਿਹਾਰ, ਉੜੀਸਾ ੧ ਮੈਂਬਰ

**ਪ੍ਰਦੇਸ** :–ਯੂ. ਕੇ. ੧ ਮੈਂਬਰ — ਅਮਰੀਕਾ ੧ ਮੈਂਬਰ — ਕੈਨੇਡਾ ੧ ਮੈਂਬਰ

**ਸੰਸਥਾਵਾਂ ਵਲੋਂ** :–

ਭਾਈ ਸਾਹਿਬ ਭਾਈ ਰਣਧੀਰ ਸਿੰਘ ਪੁਸਤਕ ਟ੍ਰਸਟ ੧ ਮੈਂਬਰ

ਸੂਰਾ ਮਾਸਕ ਪੱਤਰ ੧ ਮੈਂਬਰ

**ਨੋਟ** :–ਵੱਖ ਵੱਖ ਇਲਾਕਿਆਂ ਦੇ ਪ੍ਰਤੀਨਿਧਾਂ ਦੀ ਸੰਖਿਆ ਨਿਸਚਿਤ ਕਰਨ ਦਾ ਅਧਿਕਾਰ ਕਾਰਜ ਸਾਧਕ ਕਮੇਟੀ ਨੂੰ ਹੋਵੇਗਾ ।

www.AKJ.Org

(ਕ) **ਜਥੇਦਾਰ** :–ਕਾਰਜ ਸਾਧਕ ਕਮੇਟੀ ਦੇ ਪ੍ਰਤੀਨਿਧ ਮੈਂਬਰ ਆਪਣੇ ਵਿਚੋਂ ਇਕ "ਜਥੇਦਾਰ" ਦੀ ਚੋਣ ਕਰਨਗੇ, ਜਿਹੜਾ ਸਮੁੱਚੇ ਅਖੰਡ ਕੀਰਤਨੀ ਜਥੇ ਦੀ ਹਰ ਪੱਖੋਂ ਗੁਰਮਤਿ ਅਨੁਸਾਰ ਅਗਵਾਈ ਕਰੇਗਾ। ਜਥੇਦਾਰ ਸਾਹਿਬ ਦੀ ਆਗਿਆ ਦਾ ਪਾਲਨ ਕਰਨਾ ਜਥੇ ਦੇ ਹਰੇਕ ਮੈਂਬਰ ਲਈ ਪਹਿਲੀ ਸ਼ਰਤ ਹੋਵੇਗੀ।

**ਨੋਟ** :–ਸਹਾਇਕ, ਮੁਖੀ, ਪ੍ਰਤੀਨਿਧ, ਜਥੇਦਾਰ ਇਹਨਾਂ ਸਾਰਿਆਂ ਦੀ ਚੋਣ ਸਰਬ-ਸੰਮਤੀ ਨਾਲ ਹੋਈ ਹੀ ਪ੍ਰਵਾਨ ਹੋਵੇਗੀ।

੪. **ਸੇਵਾ ਦਾ ਸਮਾਂ** :–ਸਰਬ ਸੰਮਤੀ ਨਾਲ ਚੁਣੇ ਗਏ ਸਹਾਇਕ, ਮੁਖੀ, ਪ੍ਰਤੀਨਿਧ ਅਤੇ ਜਥੇਦਾਰ, ਇਹ ਸਾਰੇ ਚੁਣੇ ਜਾਣ ਦੀ ਮਿਤੀ ਤੋਂ ਮਗਰੋਂ ਤਿੰਨ ਸਾਲ ਤੱਕ ਕੰਮ ਕਰਨਗੇ ਅਤੇ ਆਪਣਾ ਸੇਵਾ-ਸਮਾਂ ਸਮਾਪਤ ਹੋਣ ਤੋਂ ਪਹਿਲਾਂ ਆਪਣੇ ਥਾਵੇਂ ਅਗਲੇ ਅਜਿਹੇ ਅਹੁਦੇਦਾਰਾਂ ਦੀ ਚੋਣ ਦਾ ਪ੍ਰਬੰਧ ਕਰਨਗੇ ਅਤੇ ਉਹਨਾਂ ਨੂੰ ਆਪ੍ਣਾ ਆਪਣਾ ਚਾਰਜ ਸਮੇਂ ਸਿਰ ਸੌਂਪਣਗੇ। ਇਸ ਦੀ ਸਮੁੱਚੀ ਜ਼ਿੰਮੇਵਾਰੀ ਜਥੇਦਾਰ ਸਾਹਿਬ ਦੀ ਹੋਵੇਗੀ। ਨੀਯਤ ਸਾਲ ਦੇ ਅਗਸਤ ਮਹੀਨੇ ਦੇ ਤੀਜੇ ਐਤਵਾਰ ਦੇ ਸਮਾਗਮ ਵਿਚ ਨਵੇਂ ਮੁਖੀ ਸਿੰਘ ਅਤੇ ਪ੍ਰਤੀਨਿਧ ਚੁਣ ਲਏ ਜਾਇਆ ਕਰਨ ਅਤੇ ਇਸਦੀ ਸੂਚਨਾ ਕੇਂਦਰੀ ਦਫਤਰ ਨੂੰ ਪਹਿਲੀ ਸਤੰਬਰ ਤੱਕ ਦੇ ਦਿੱਤੀ ਜਾਇਆ ਕਰੇ। ਸਤੰਬਰ ਦੇ ਮਹੀਨੇ ਵਿਚ ਸਹਾਇਕ ਸਿੰਘ ਚੁਣ ਲਏ ਜਾਇਆ ਕਰਨ ਅਤੇ ਦੁਸਹਿਰੇ ਦੇ ਸਮਾਗਮ ਵਿਚ ਚਾਰਜ ਦੇ ਦਿੱਤਾ ਜਾਇਆ ਕਰੇ।

ਨੋਟ :–'ਚਾਰਜ' ਸ਼ਬਦ ਤੋਂ ਭਾਵ ਹੈ ਚਿੱਠੀ ਪੱਤਰ ਦੀਆਂ ਫਾਈਲਾਂ, ਕੈਸ਼ ਅਤੇ ਬੈਂਕ ਬੈਲੈਂਸ, ਅਤੇ ਦਫ਼ਤਰ ਦਾ ਹੋਰ ਸਬੰਧਤ ਸਾਮਾਨ ਜਿਸ ਦਾ ਰੀਕਾਰਡ ਰਜਿਸਟਰ ਵਿਚ ਹੋਣਾ ਚਾਹੀਦਾ ਹੈ। ਚਾਰਜ ਦੇਣ ਅਤੇ ਚਾਰਜ ਲੈਣ ਦੇ ਦਸਖ਼ਤ ਇਸ ਰਜਿਸਟਰ ਵਿਚ ਹੋਣੇ ਚਾਹੀਦੇ ਹਨ। ਦਸਖ਼ਤਾਂ ਹੇਠ ਪੂਰਾ ਪੂਰਾ ਅਤੇ ਸਪੱਸ਼ਟ ਨਾਮ ਲਿਖਿਆ ਜਾਇਆ ਕਰੇ।

੫. **ਜਾਇਦਾਦ** :–ਅਖੰਡ ਕੀਰਤਨੀ ਜਥੇ ਦੀ ਵਰਤਮਾਨ ਸਮੇਂ ਹੇਠ ਲਿਖੀ ਜਾਇਦਾਦ ਹੈ :–

(ੳ) ਸੂਰਾ ਮਾਸਕ ਪੱਤਰ ਨਾਲ ਸਬੰਧਤ ਫ਼ੰਡ ਤੇ ਲਿਟਰੇਚਰ

(ਅ) ਭਾਈ ਸਾਹਿਬ ਭਾਈ ਰਣਧੀਰ ਸਿੰਘ ਰਚਿਤ ਪੁਸਤਕਾਂ ਅਤੇ ਫ਼ੰਡ

(ੲ) ਕੁਮਾਰ ਹੱਟੀ ਅਸਥਾਨ।

ਇਹਨਾਂ ਤੋਂ ਛੁੱਟ ਜਿਹੜੀ ਵੀ ਚੱਲ ਜਾਂ ਅਚੱਲ ਕੋਈ ਜਾਇਦਾਦ ਕਿਸੇ ਰੂਪ ਵਿਚ ਅਖੰਡ ਕੀਰਤਨੀ ਜਥੇ ਨੂੰ ਸਾਂਝੇ ਤੌਰ ਤੇ ਅਰਪਣ ਕੀਤੀ ਜਾਵੇਗੀ, ਉਹ ਸਮੁੱਚੇ ਅਖੰਡ ਕੀਰਤਨੀ ਜਥੇ ਦੀ ਮਲਕੀਅਤ ਹੋਵੇਗੀ ਅਤੇ ਉਸਦਾ ਅਸ਼ਟਾਮ ਜਾਂ ਰਜਿਸਟਰੀ ਅਖੰਡ ਕੀਰਤਨੀ ਜਥੇ ਦੇ ਨਾਮ ਹੋਵੇਗੀ। "ਭਾਈ ਸਾਹਿਬ ਰਣਧੀਰ ਸਿੰਘ ਪੁਸਤਕ ਟ੍ਰਸਟ" ਹੋਂਦ ਵਿਚ ਆਇਆ ਹੋਇਆ ਹੈ। ਇਹ ਟ੍ਰਸਟ ਜਥੇਦਾਰ ਸਾਹਿਬ ਦੀ ਅਗਵਾਈ ਅਤੇ ਪ੍ਰਬੰਧ ਹੇਠ ਕੰਮ ਕਰੇਗਾ। ਬਾਬੂ ਮੱਲ ਸਿੰਘ ਜੀ ਤੋਂ ਮਗਰੋਂ ਅਖੰਡ ਕੀਰਤਨੀ ਜਥੇ ਦਾ ਜਿਹੜਾ ਜਿਹੜਾ ਜਥੇਦਾਰ ਹੋਇਆ ਕਰੇਗਾ ਉਹ ਇਸ ਟਰੱਸਟ ਦਾ ਐਕਸ ਆਫ਼ੀਸੋ (ex-offico) ਚੇਅਰ-ਮੈਨ ਹੋਇਆ ਕਰੇਗਾ। ਟਰੱਸਟ ਦੇ ਕੁਲ ੧੧ ਮੈਂਬਰਾਂ ਵਿਚੋਂ ਜਥੇਦਾਰ (ਚੇਅਰਮੈਨ) ਸਮੇਤ ਘਟੋ ਘਟ ਸਤ ਮੈਂਬਰ ਅਖੰਡ ਕੀਰਤਨੀ ਜਥੇ ਦੇ ਹੋਇਆ ਕਰਨਗੇ। 'ਸੂਰਾ' ਮਾਸਕ ਪਤਰ ਅਤੇ ਕੁਮਾਰ ਹੱਟੀ ਅਸਥਾਨ ਦਾ ਫ਼ਿਲਹਾਲ ਵਰਤਮਾਨ ਪ੍ਰਬੰ ਹੀ ਰਵੇਗਾ। ਟ੍ਰਸਟ ਦੇ ਮੈਂਬਰਾਂ ਅਤੇ ਸੂਰਾ ਸੰਪਾਦਕੀ ਬੋਰਡ ਦੇ ਮੈਂਬਰਾਂ ਦੀ ਨਿਯੁਕਤੀ ਤੇ ਅਦਲਾ ਬਦਲੀ ਜਥੇਦਾਰ ਸਾਹਿਬ ਦੀ ਪ੍ਰਵਾਨਗੀ ਨਾਲ ਹੋਇਆ ਕਰੇਗੀ। ਟ੍ਰਸਟ ਦਾ ਫ਼ੰਡ ਅਖੰਡ ਕੀਰਤਨ ਜਥੇ ਦੇ ਕੇਂਦਰੀ ਫੰਡ ਤੋਂ ਫ਼ਿਲਹਾਲ ਸੁਤੰਤਰ ਰਹੇਗਾ।

੬. **ਫ਼ੰਡ** : ਅਖੰਡ ਕੀਰਤਨੀ ਜਥੇ ਦਾ ਕੋਈ ਮੈਂਬਰ, ਜਿਹੜਾ ਆਪਣਾ ਕਾਰੋਬਾਰ ਕਰਦਾ ਹੈ, ਕੀਰਤਨ ਦੀ ਸੇਵਾ ਵਜੋਂ ਆਪਣੇ ਨਿਜੀ ਕਾਰਜਾਂ ਲਈ ਮਾਇਆ ਪ੍ਰਵਾਨ ਨਹੀਂ ਕਰੇਗਾ। ਫ਼ੰਡਜ਼ ਇਕੱਠੇ ਹੋਣ ਦੇ ਹੇਠ ਲਿਖੇ ਸਾਧਨ ਹਨ :–

(ੳ) ਗੁਰਸਿੱਖਾਂ ਵਲੋਂ ਵਖ ਵਖ ਕਾਰਜਾਂ ਲਈ ਮਾਇਕ ਸਹਾਇਤਾ।

www.AKJ.Org

(ਅ) ਸੂਰਾ ਪੱਤਰ ਦੇ ਚੰਦੇ ਅਤੇ ਲਾਈਫ ਮੈਂਬਰ-ਸ਼ਿਪ ਦੀਆਂ ਐਫ. ਡੀਆਂ ਦਾ ਵਿਆਜ ਅਤੇ ਹੋਰ ਮਾਇਕ ਸਹਾਇਤਾ।

(ੲ) ਸ਼ਹੀਦੀ ਫ਼ੰਡ–(ਇਹ ਫ਼ੰਡ ੧੩ ਅਪ੍ਰੈਲ, ੧੯੭੮ ਵਿਸਾਖੀ ਵਾਲੇ ਦਿਨ ਨਿਰੰਕਾਰੀਆਂ ਹੱਥੋਂ ਸ਼ਹੀਦ ਹੋਏ ੧੩ ਸਿੰਘਾਂ ਦੇ ਪਰਵਾਰਾਂ ਅਤੇ ਫੱਟੜ ਹੋਏ ਸਿੰਘਾਂ ਦੀ ਸਹਾਇਤਾ ਅਤੇ ਇਸ ਸਬੰਧ ਵਿਚ ਕੀਤੇ ਜਾਣ ਵਾਲੇ ਖਰਚ ਲਈ ਅਰੰਭਿਆ ਗਿਆ ਹੈ)।

(ਸ) ਕੇਂਦਰੀ ਫ਼ੰਡ ਨੂੰ ਨਿੱਗਰ ਬਣਾਉਣ ਲਈ ਹਰੇਕ ਪਰਵਾਰ ਹਰ ਮਹੀਨੇ ਘਟੋ ਘਟ ਦੋ ਰੁਪਏ ਜ਼ਰੂਰ ਦੇਵੇ, ਪਰ ਹਰ ਸਰਦੇ ਪੁਜਦੇ ਪਰਵਾਰ ਨੂੰ ਵਧ ਤੋਂ ਵਧ ਮਾਇਆ ਇਸ ਕਾਰਜ ਲਈ ਦੇਣ ਦੀ ਪ੍ਰੇਰਨਾ ਕੀਤੀ ਜਾਂਦੀ ਹੈ।

ਪ੍ਰਾਪਤ ਹੋਈ ਮਾਇਆ ਦੀ ਬਕਾਇਦਾ ਰਸੀਦ ਮੈਨੇਜਰ ਵਲੋਂ, ਕੱਟੀ ਜਾਇਆ ਕਰੇਗੀ। ਇਸ ਫ਼ੰਡ ਦਾ ਹਿਸਾਬ "ਅਖੰਡ ਕੀਰਤਨੀ ਜਥਾ" ਦੇ ਨਾਮ ਪੰਜਾਬ ਸਿੰਧ ਬੈਂਕ ਵਿਚ ਖੋਲ੍ਹਿਆ ਜਾਵੇਗਾ ਅਤੇ ਇਸ ਨੂੰ ਚਲਾਉਣ ਦਾ ਅਧਿਕਾਰ "ਜਥੇਦਾਰ ਸਾਹਿਬ ਅਤੇ ਮੈਨੇਜਰ ਸੂਰਾ" ਨੂੰ ਸਾਂਝੇ ਤੌਰ ਤੇ ਹੋਵੇਗਾ। ਹਿਸਾਬ ਵਿਚੋਂ ਮਾਇਆ ਕਢਾਉਣ ਲਈ ਚੈਕ ਉਤੇ 'ਜਥੇਦਾਰ ਸਾਹਿਬ' ਅਤੇ "ਮੈਨੇਜਰ" ਦੋਹਾਂ ਦੇ ਦਸਖ਼ਤ ਜ਼ਰੂਰੀ ਹਨ। ਸੂਰਾ ਪੱਤਰ ਦੀ ਹਰੇਕ ਮਦ ਸਬੰਧੀ ਪੰਜ ਸੌ ਰੁਪਏ ਤਕ ਖਰਚ ਕੀਤੇ ਜਾਣ ਦਾ ਅਧਿਕਾਰ "ਮੈਨੇਜਰ ਸੂਰਾ" ਨੂੰ ਹੋਵੇਗਾ ਅਤੇ ਇਸ ਤੋਂ ਵਧੀਕ ਖ਼ਰਚੇ ਲਈ ਜਥੇਦਾਰ ਸਾਹਿਬ ਦੀ ਆਗਿਆ ਲਈ ਜਾਣੀ ਜ਼ਰੂਰੀ ਹੈ। ਜਥੇਦਾਰ ਸਾਹਿਬ ਕਿਸੇ ਸੀਮਾ ਤਕ ਵੀ ਖ਼ਰਚ ਕਰਨ ਦੇ ਸਮਰੱਥ ਹੋਣਗੇ।

ਭਾਈ ਸਾਹਿਬ ਭਾਈ ਰਣਧੀਰ ਸਿੰਘ ਪੁਸਤਕ ਫ਼ੰਡ ਦੇ ਆਮਦਨ ਖ਼ਰਚ ਦਾ ਹਿਸਾਬ ਕਿਤਾਬ ਫ਼ਿਲਹਾਲ ਭਾਈ ਸਾਹਿਬ ਬਲਬੀਰ ਸਿੰਘ ਜੀ ਰੱਖਣਗੇ। ਟ੍ਰਸਟ ਦੇ ਨਿਯਮ, ਉਪ-ਨਿਯਮ ਰੀਵੀਊ ਕੀਤੇ ਜਾਣਗੇ। ਸੂਰਾ ਫ਼ੰਡ, ਪੁਸਤਕ ਫ਼ੰਡ ਅਤੇ ਸ਼ਹੀਦੀ ਫ਼ੰਡ ਦਾ ਹਿਸਾਬ-ਕਿਤਾਬ ਵਖਰਾ ਵਖਰਾ ਰਖਿਆ ਜਾਵੇਗਾ।

**ਆਡਿਟ (ਹਿਸਾਬ ਦੀ ਪੜਤਾਲ)** :–ਅਖੰਡ ਕੀਰਤਨੀ ਜਥੇ ਪਾਸ ਸਾਰਿਆਂ ਸੋਮਿਆਂ ਤੋਂ ਪੁੱਜੀ ਮਾਇਆ ਦੇ ਆਮਦਨ ਖਰਚ ਦਾ ਪ੍ਰਕਾਸ਼ਤ ਕੀਤੇ ਲਿਟਰੇਚਰ ਦਾ ਅਤੇ ਹੋਰ ਵਸਤੂਆਂ ਦਾ ਬਾਕਾਇਦਾ ਹਿਸਾਬ ਕਿਤਾਬ ਰੱਖਿਆ ਜਾਵੇਗਾ, ਜਿਸ ਦਾ ਆਡਿਟ ਕਿਸੇ ਚਾਰਟਰਡ ਅਕਾਊਂਟੈਂਟ ਪਾਸੋਂ ਹਰ ਸਾਲ ਦੇ ਸਮਾਪਤ ਹੋਣ ਦੇ ਤਿੰਨਾਂ ਮਹੀਨਿਆਂ ਦੇ ਅੰਦਰ ਕਰਵਾਇਆ ਜਾਵੇਗਾ। 'ਮੈਨੇਜਰ ਸੂਰਾ' ਇਹ ਜ਼ਿਮੇਵਾਰੀ ਨਿਭਾਉਣਗੇ।

**ਮੀਟਿੰਗ** :–ਕਾਰਜ ਸਾਧਕ ਕਮੇਟੀ ਦੀਆਂ ਸਾਲ ਵਿਚ ਘਟੋ ਘਟ ਦੋ ਇਕੱਤਰਤਾਵਾਂ ਜ਼ਰੂਰੀ ਹਨ। ਲੋੜ ਅਨੁਸਾਰ ਸਪੈਸ਼ਲ ਇਕੱਤਰਤਾਵਾਂ ਸੱਦੀਆਂ ਜਾ ਸਕਦੀਆਂ ਹਨ।

ਕਾਰਜ-ਸਾਧਕ ਕਮੇਟੀ ਦੀਆਂ ਮੀਟਿੰਗਾਂ ਬੁਲਾਉਣ ਦਾ ਅਧਿਕਾਰ ਜਥੇਦਾਰ ਸਾਹਿਬ ਨੂੰ ਹੋਵੇਗਾ। ਮੀਟਿੰਗਾਂ ਦੀ ਕਾਰਵਾਈ ਬਾਕਾਇਦਾ ਤੌਰ ਤੇ ਕਰਵਾਈ-ਰਜਿਸਟਰ ਵਿਚ ਦਰਜ ਕੀਤੀ ਜਾਵੇਗੀ ਅਤੇ ਉਸ ਦੇ ਠੀਕ ਅੰਕਿਤ ਕੀਤੇ ਜਾਣ ਦੀ ਤਸਦੀਕ ਵਜੋਂ ਹਾਜ਼ਰ ਮੈਂਬਰਾਂ ਦੇ ਦਸਖ਼ਤ ਕਰਵਾਏ ਜਾਣਗੇ।

ਅਖੰਡ ਕੀਰਤਨੀ ਜਥੇ ਦੇ ਘਟੋ ਘਟ ੫੦ ਮੈਂਬਰਾਂ ਦੇ ਬੇਨਤੀ ਕਰਨ ਤੇ ਜਥੇਦਾਰ ਸਾਹਿਬ ਨੂੰ ਮੀਟਿੰਗ ਬੁਲਾਉਣੀ ਜ਼ਰੂਰੀ ਹੋਵੇਗੀ।

ਕਾਰਜ ਸਾਧਕ ਕਮੇਟੀ ਦੀ ਮੀਟਿੰਗ ਬੁਲਾਉਣ ਵਾਸਤੇ ਘਟੋ ਘਟ ੧੫ ਦਿਨਾਂ ਦਾ ਨੋਟਿਸ ਦਿਤਾ ਜਾਣਾ ਜ਼ਰੂਰੀ ਹੈ।

ਕਾਰਜ ਸਾਧਕ ਕਮੇਟੀ ਦੀ ਮੀਟਿੰਗ ਲਈ ਕੋਰਮ ਕੁਲ ਮੈਂਬਰਾਂ ਦਾ ਤੀਜਾ ਹਿੱਸਾ ਹੋਵੇਗਾ।

ਜੇ ਕੋਈ ਮੈਂਬਰ ਲਗਾਤਾਰ ਤਿੰਨ ਮੀਟਿੰਗਾਂ ਵਿਚ ਹਾਜ਼ਰ ਨਹੀਂ ਹੁੰਦਾ ਤਾਂ ਜਥੇਦਾਰ ਸਾਹਿਬ ਉਸ ਨੂੰ ਮੈਂਬਰੀ ਤੋਂ ਹਟਾਉਣ ਦੇ ਸਮਰੱਥ ਹੋਣਗੇ।

ਮੁਖੀਆਂ ਅਤੇ ਸਹਾਇਕਾਂ ਦੀ ਮੀਟਿੰਗ ਸੱਦਣ ਦਾ ਅਧਿਕਾਰ ਪ੍ਰਤੀਨਿਧਾਂ ਨੂੰ ਹੋਵੇਗਾ। ਕਾਰਵਾਈ ਬਕਾਇਦਾ ਤੌਰ ਤੇ ਲਿਖੀ ਜਾਇਆ ਕਰੇਗੀ।

www.AKJ.Org

**ਜਥੇਦਾਰ ਸਾਹਿਬ ਦੀਆਂ ਜ਼ਿੰਮੇਵਾਰੀਆਂ :–**

(ੳ) ਸਮੁੱਚੇ ਅਖੰਡ ਕੀਰਤਨੀ ਜਥੇ ਦੀ ਅਗਵਾਈ ਕਰਨੀ ।

(ਅ) ਕਾਰਜ ਸਾਧਕ ਕਮੇਟੀ ਦੀਆਂ ਮੀਟਿੰਗਾਂ ਬੁਲਾਉਣੀਆਂ, ਹਰ ਮੀਟਿੰਗ ਦੀ ਕਾਰਵਾਈ ਰਜਿਸਟਰ ਵਿਚ ਨੋਟ ਕਰਵਾਉਣੀ ਅਤੇ ਉਸ ਤੇ ਪੂਰਾ ਪੂਰਾ ਅਮਲ ਕਰਵਾਉਣਾ ।

(ੲ) ਜਥੇ ਦੇ ਸਾਹਮਣੇ ਕੋਈ ਭੀ ਮਸਲਾ ਆਉਣ ਤੇ ਯੋਗ ਕਾਰਵਾਈ ਕਰਨੀ ਅਤੇ ਜਥੇ ਨੂੰ ਸੇਧ ਦੇਣੀ ।

(ਸ) ਵਧ ਤੋਂ ਵਧ ਸਮਾਗਮਾਂ ਤੇ ਪੁੱਜ ਕੇ ਸੰਗਤਾਂ ਨੂੰ ਉਤਸ਼ਾਹ ਦੇਣਾ ਅਤੇ ਉਹਨਾਂ ਦੀਆਂ ਸਮੱਸਿਆਵਾਂ ਬਾਰੇ ਯੋਗ ਸੇਧ ਦੇਣੀ ।

(ਹ) ਜਥੇ ਵੱਲੋਂ ਸਾਰੀ ਚਿੱਠੀ ਪੱਤਰ ਕਰਨੀ–ਕਰਾਉਣੀ ।

(ਕ) ਜਥੇ ਦੇ ਸੈਂਟਰਲ ਫ਼ੰਡ (ਜਿਸ ਵਿਚ ਹਰ ਇਲਾਕੇ ਵੱਲੋਂ ਆਏ ਦਸਵੰਧ ਦਾ ਯੋਗ ਹਿੱਸਾ ਜਮ੍ਹਾ ਕੀਤਾ ਜਾਇਆ ਕਰੇਗਾ) ਦੀ ਸੰਭਾਲ ਤੇ ਯੋਗ ਵਰਤੋਂ ਕਰਨੀ ।

(ਖ) ਤਿੰਨ ਸਾਲਾਂ ਦਾ ਸਮਾਂ ਪੂਰਾ ਹੋਣ ਤੇ ਉਪ੍ਰੋਕਤ ਦਿੱਤੇ ਥਾਵਾਂ ਤੋਂ ਕਾਰਜ ਸਾਧਕ ਕਮੇਟੀ ਲਈ ਨਵੇਂ ਪ੍ਰਤੀਨਿਧਾਂ ਦੇ ਨਾਂ ਮੰਗਵਾਉਣੇ ਅਤੇ ਨਵੇਂ ਜਥੇਦਾਰ ਦੀ ਚੋਣ ਕਰਾਉਣੀ । ਨਵੇਂ ਚੁਣੇ ਗਏ ਜਥੇਦਾਰ ਨੂੰ ਪੂਰਾ ਚਾਰਜ ਦੇਣਾ ।

**ਸਬ (ਇਲਾਕਾ) ਕਮੇਟੀਆਂ** :–ਪੰਜਾਬ ਦੇ ਹਰ ਜ਼ਿਲੇ, ਭਾਰਤ ਦੇ ਬਾਕੀ ਪ੍ਰਦੇਸ਼ਾਂ, ਇੰਗਲੈਂਡ ਅਤੇ ਅਮਰੀਕਾ ਕੈਨੇਡਾ ਦੇ ਸਾਰੇ ਸਿੰਘ ਆਪਣੀ ਆਪਣੀ ਇਕ ਵਿਸ਼ੇਸ਼ ਇਕੱਤਰਤਾ ਕਰ ਕੇ ਆਪਣੀਆਂ ਸਬ ਕਮੇਟੀਆਂ (ਇਲਾਕਾ ਕਮੇਟੀਆਂ) ੩ ਸਾਲਾਂ ਲਈ ਬਣਾਉਣਗੇ । ਹਰ ਇਕ ਇਲਾਕਾ-ਕਮੇਟੀ ਆਪਣੇ ਵਿਚੋਂ ਇਕ ਸਿੰਘ ਨੂੰ ਇਲਾਕੇ ਦਾ ਪ੍ਰਤੀਨਿੱਧ ਥਾਪੇਗੀ, ਜੋ ਕਾਰਜ-ਸਾਧਕ ਕਮੇਟੀ ਵਿਚ ਉਸ ਇਲਾਕੇ ਦਾ ਪ੍ਰਤੀਨਿਧ ਹੋਵੇਗਾ । ਹਰ ਇਕ ਪ੍ਰਤੀਨਿਧ ਆਪਣੀ ਕਮੇਟੀ ਦੀ ਸਲਾਹ ਨਾਲ ਹੇਠ ਦਿੱਤੀਆਂ ਜ਼ਿੰਮੇਵਾਰੀਆਂ ਨਿਭਾਵੇਗਾ :–

(ੳ) ਆਪਣੇ ਇਲਾਕੇ ਦੇ ਜਥੇ ਦੀ ਅਗਵਾਈ ਕਰਨੀ ।

(ਅ) ਕਾਰਜ ਸਾਧਕ ਕਮੇਟੀ ਦੇ ਫ਼ੈਸਲਿਆਂ ਨੂੰ ਆਪਣੇ ਇਲਾਕੇ ਦੀਆਂ ਸੰਗਤਾਂ ਤੱਕ, ਮੁਖੀ ਸਿੰਘਾਂ ਅਤੇ ਸਹਾਇਕ ਸਿੰਘਾਂ ਰਾਹੀਂ ਪਹੁੰਚਾਉਣਾ ਅਤੇ ਉਹਨਾਂ ਤੇ ਨਿਮਰਤਾ ਸਹਿਤ ਅਮਲ ਕਰਾਉਣਾ ।

(ੲ) ਆਪਣੇ ਇਲਾਕੇ ਦੇ ਸਪਤਾਹਿਕ ਅਤੇ ਹੋਰ ਗੁਰਮਤਿ ਸਮਾਗਮਾਂ ਦਾ ਲੜੀ-ਵਾਰ ਜ਼ਾਰੀ ਰੱਖਣਾ ਤੇ ਸਾਰਾ ਇੰਤਜ਼ਾਮ ਕਰਨਾ ।

(ਸ) ਆਪਣੇ ਇਲਾਕੇ ਦੇ ਸਿੰਘਾਂ ਬੀਬੀਆਂ ਵਿਚ ਪਰਸਪਰ ਪਿਆਰ ਬਣਾਈ ਰੱਖਣਾ ਅਤੇ ਹਰ ਸਥਾਨਿਕ ਸਮਾਗਮ ਤੇ ਪੁੱਜਣ ਲਈ ਪੂਰੀ ਪੂਰੀ ਪ੍ਰੇਰਨਾ ਕਰਨੀ ।

(ਹ) ਆਪਣੇ ਇਲਾਕੇ ਵਿਚ ਕੋਈ ਵੀ ਸਮੱਸਿਆ ਪੈਦਾ ਹੋਣ ਤੇ ਇਸ ਦਾ ਤੁਰੰਤ ਹੱਲ ਕਰਨਾ । ਜੇ ਕਰ ਹੱਲ ਨਾ ਹੁੰਦਾ ਦਿਸੇ ਤਾਂ ਜਥੇਦਾਰ ਸਾਹਿਬ ਨੂੰ ਇਤਲਾਹ ਦੇਣੀ ਅਤੇ ਉਹਨਾਂ ਤੋਂ ਫ਼ੈਸਲਾ ਲੈ ਕੇ ਯੋਗ ਕਾਰਵਾਈ ਕਰਨੀ ।

(ਕ) ਆਪਣੇ ਇਲਾਕੇ ਦੇ ਜਥੇ ਦੀਆਂ ਸੰਗਤਾਂ ਨੂੰ ਦਸਵੰਧ ਕੱਢਣ ਦੀ ਪ੍ਰੇਰਨਾ ਕਰਨੀ ਅਤੇ ਦਸਵੰਧ ਦਾ ਯੋਗ ਹਿੱਸਾ ਇਕੱਤ੍ਰ ਕਰ ਕੇ ਸੈਂਟ੍ਰਲ (ਕੇਂਦਰੀ) ਫ਼ੰਡ ਲਈ ਜਥੇਦਾਰ ਪਾਸ ਭੇਜਣਾ ।

**ਕਾਰਜ ਸਾਧਕ ਕਮੇਟੀ** :–

(ੳ) ਵੱਖ ਵੱਖ ਇਲਾਕਿਆਂ ਦੀਆਂ ਸਮੱਸਿਆਵਾਂ, ਜਿਹੜੀਆਂ ਇਲਾਕਾ-ਸਬ-ਕਮੇਟੀਆਂ ਵੱਲੋਂ ਨਾ ਸੁਲਝਾਈਆਂ ਜਾ ਸਕਣ ਸੰਬੰਧੀ ਫ਼ੈਸਲਾ ਕਰਨਾ ।

(ੲ) ਕੇਂਦਰੀ ਪੱਧਰ ਤੇ ਪਰਚਾਰ ਦੀ ਵਿਉਂਤ ਬਣਾਉਣੀ ।

(ਸ) ਵੱਖ ਵੱਖ ਇਲਾਕਿਆਂ ਦੇ ਪ੍ਰਤੀਨਿਧਾਂ ਲਈ ਗਿਣਤੀ ਨਿਸਚਿਤ ਕਰਨੀ ।

www.AKJ.Org

# ਸੂਰਾ ਦੇ ਨਵੇਂ ਅਮਾਨਤੀ ਲਾਈਫ਼ ਮੈਂਬਰ

ਹੇਠ ਲਿਖੇ ਸਭ ਮੈਂਬਰਾਂ ਦੇ ਸੌ ਸੌ ਰੁਪਏ ਪੁਜੇ ਹਨ। ਸਭ ਦੇ ਨਾਵਾਂ ਦੀਆਂ ਬੈਂਕ ਵਿਚੋਂ ਬਣਵਾਈਆਂ ਐਫ ਡੀਆਂ ਦੇ ਨੰਬਰ ਇਸ ਤਰ੍ਹਾਂ ਹਨ--

469. ਸ: ਜਸਬੀਰ ਸਿੰਘ ਅੰਮ੍ਰਿਤਸਰ (ਚਿਟ ਨੰ: 3469)805945/127/79 ਮਿਤੀ 24. 1. 79
470. ਸ: ਸਤਨਾਮ ਸਿੰਘ ਖੁਰਾਣਾ ਜੈਪੁਰ ( ,, 3470)805946/128/79 ,,
471. ਸ: ਖਜ਼ਾਨ ਸਿੰਘ ਚੰਡੀਗੜ੍ਹ ( ,, 3471)805947/129/79 ,,
472. ਸੂਬੇਦਾਰ ਅਜਮੇਰ ਸਿੰਘ ਸਿਵੀਆਂ ( ,, 3472)805948/130/79 ,,
473. ਬੀਬੀ ਹਰਜਿੰਦਰ ਕੌਰ ਲੁਧਿਆਣਾ ( ,, 3473)805949/131/79 ,,
474. ਰਾਗੀ ਗੁਰਬਚਨ ਸਿੰਘ ਨਵੀਂ ਦਿਲੀ ( ,, 3474)805950/132/79 ,,
475. ਸ: ਹਰਦਿਆਲ ਸਿੰਘ ਫੀਰੋਜ਼ਪੁਰ ਛਾਉਣੀ ( ,, 3475)805951/133/79 ,,
476. ਸ: ਰੇਸ਼ਮ ਸਿੰਘ 56 ਏ.ਪੀ.ਓ. ( ,, 3476)805952/134/79 ,,
477. ਸਰਦਾਰਨੀ ਮਹਿੰਦਰ ਕੌਰ ਰਹੌਣ ( ,, 3477)805953/135/79 ,,
478. ਸ: ਕਰਤਾਰ ਸਿੰਘ ਗਰੀਬ ਲੁਧਿਆਣਾ ( ,, 3478)805954/136/79 ,,
479. ਸ: ਬਲਦੇਵ ਸਿੰਘ ਅੰਮ੍ਰਿਤਸਰ ( ,, 3479)805955/137/79 ,,
480. ਸ: ਹਰਚਰਨ ਸਿੰਘ ਰੰਧਾਵਾ ਕਾਨਪੁਰ ( ,, 3480)805956/138/79 ,,
481. ਸ: ਚਰਨਜੀਤ ਸਿੰਘ ਲੁਧਿਆਣਾ ( ,, 3481)805957/139/79 ,,
482. ਸ: ਇੰਦਰਜੀਤ ਸਿੰਘ ਪੀਲੀਭੀਤ ( ,, 3482)805958/140/79 ,,
483. ਸ: ਕੁਲਵੰਤ ਸਿੰਘ ਕਰਨਾਲ ( ,, 3483)805959/141/79 ,,
484. ਸ: ਅਵਤਾਰ ਸਿੰਘ ਗੁਜਰਾਲ ( ,, 3434)805960/142/79 ,,
485. ਸ: ਜਸਪਿੰਦਰ ਸਿੰਘ ਗਿਲ ਤੇਜਪੁਰ ( ,, 3485)805961/143/79 ,,

---

## ਸੂਰਾ ਮਾਸਕ ਪੱਤਰ ਨੂੰ ਦਸੰਬਰ ਜਨਵਰੀ ਵਿਚ ਪੁਜੀ ਸਹਾਇਤਾ

| | | |
|---|---|---|
| ਸ: ਸੁਲਖਣ ਸਿੰਘ ਜੀ ਡਰਬੀ ਯੂ. ਕੇ. | | 22-37 |
| ਸ: ਮਲਕੀਤ ਸਿੰਘ ਜੀ ਡਰਬੀ ਯੂ. ਕੇ. | | 30-36 |
| ਬਾਬਾ ਸੰਤ ਸਿੰਘ ਸੰਤੋਖ ਸਿੰਘ ਜੀ ਕਾਨਪੁਰ | ਬੀਬੀ ਕਵਲਜੀਤ ਕੌਰ ਦੇ ਅਨੰਦ ਦੀ ਖੁਸ਼ੀ ਵਿਚ | 11-00 |
| ਸ: ਤਰਲੋਚਨ ਸਿੰਘ ਜੀ ਸੋਨੀਪਤ | | 50-00 |
| ਸ: ਪ੍ਰਿਥੀਪਾਲ ਸਿੰਘ ਜੀ ਨਵੀਂ ਦਿਲੀ | ਵੀਰ ਸਵਿੰਦਰ ਸਿੰਘ ਦੇ ਅੰਤਮ ਭੋਗ ਸਮੇਂ | 11-00 |
| ਸ: ਦਿਲਬਾਗ ਸਿੰਘ ਜੀ ਲੁਧਿਆਣਾ | | 21-00 |
| W.O. ਮੁਖਤਿਆਰ ਸਿੰਘ ਜੀ 56 A.P.O. | ਕਾਕਾ ਪਰਮਜੀਤ ਸਿੰਘ ਦੇ ਅਨੰਦ ਦੀ ਖੁਸ਼ੀ ਵਿਚ | 21-00 |
| ਸ੍ਰੀਮਤੀ ਬੀਬੀ ਸੀਤਲ ਕੌਰ ਜੀ ਤੇ ਹੋਰ ਪਾਠਕ ਉੜਮੁੜ | | 12-50 |
| ਸ: ਉਜਾਗਰ ਸਿੰਘ ਫਰਵਾਲੀ | ਪੋਤਰੀ ਮਨਜੀਤ ਕੌਰ ਦੇ ਜਨਮ ਦੀ ਖੁਸ਼ੀ ਵਿਚ | 21-00 |
| ਸ: ਹਰਬੰਸ ਸਿੰਘ ਐਂਡ ਸਨਜ਼ ਅਹਿਮਦਗੜ੍ਹ | | 11-00 |
| ਸ: ਨਥਾ ਸਿੰਘ ਜੀ ਮੈਨਪੁਰੀ | ਪਾਠ ਦੇ ਭੋਗ ਸਮੇਂ | 11-00 |
| ਸ: ਕਰਣਬੀਰ ਸਿੰਘ (ਸਪੁਤਰ ਸ: ਮਹਿੰਦਰ ਸਿੰਘ ਜੀ S.D.O.) | ਬੀਬੀ ਗੁਰਮੀਤ ਕੌਰ ਖਾਲਸਾ ਨਾਲ ਮੰਗਣੇ ਸਮੇਂ | 91-00 |
| ਗੁਰਦਵਾਰਾ ਕਮੇਟੀ ਮੁਜ਼ੱਫਰਪੁਰ | | 11-00 |
| ਸ: ਕੁਦਰਤ ਸਿੰਘ ਖਿੰਦਰਾ ਬਰੇਲੀ | ਮਾਤਾ ਜੀ ਦੀ ਯਾਦ ਵਿਚ | 11-00 |
| ਸ: ਨਿਰਮਲ ਸਿੰਘ ਜੀ ਅੰਮ੍ਰਿਤਸਰ | ਚੜ੍ਹਾਵਾ ਸਮਾਗਮ | 41-50 |
| ਸ: ਗੁਰਦੀਪ ਸਿੰਘ ਜੀ ਸਾਊਥਹਾਲ ਯੂ. ਕੇ. | | 45-88 |
| ਡਾ: ਮਨਮੋਹਨ ਸਿੰਘ ਜੀ ਨਾਹਨ | ਪਿਤਾ ਡਾ: ਧਰਮ ਸਿੰਘ ਜੀ ਦੇ ਅੰਤਮ ਭੋਗ ਸਮੇਂ | 21-00 |
| ਸ: ਬਲਦੇਵ ਸਿੰਘ ਜੀ ਨਿੱਜਰ, ਸੂਚੀ ਪਿੰਡ ਜ਼ਿਲਾ ਜਲੰਧਰ | | 1500-00 |

ਵਾਹਿਗੁਰੂ ਸਭ ਨੂੰ ਨਾਮ ਦਾਨ, ਸਿਖੀ ਸਿਦਕ ਤੇ ਚੜ੍ਹਦੀ ਕਲਾ ਬਖਸ਼ਣ।

www.AKJ.Org

# ਪਟਿਆਲਾ ਵਿਖੇ ਸਾਲਾਨਾ ਬਸੰਤ ਕੀਰਤਨ ਸਮਾਗਮ

## ਬੁਧਵਾਰ 7 ਤੋਂ 11 ਫਰਵਰੀ ਐਤਵਾਰ ਸਵੇਰ ਤਕ ਦੂਖ ਨਿਵਾਰਨ ਸਾਹਿਬ ਵਿਖੇ

ਹਰ ਸਾਲ ਵਾਂਗ ਬਸੰਤ ਪੰਚਮੀ ਦੇ ਸਾਲਾਨਾ ਕੀਰਤਨ ਪ੍ਰੋਗਰਾਮ ਪਟਿਆਲਾ ਵਿਖੇ ਹੋ ਰਹੇ ਹਨ। ਜਿਸ ਵਿਚ ਭਾਈ ਸਾਹਿਬ ਰਣਧੀਰ ਸਿੰਘ ਜੀ ਦੇ ਸੰਗੀ ਸਾਥੀ ਅਖੰਡ ਕੀਰਤਨੀ ਜਥੇ ਦੂਰ ਨੇੜੇ ਤੋਂ ਪੁਜ ਰਹੇ ਹਨ। ਸਮੂਹ ਸੰਗਤਾਂ ਹਾਜ਼ਰੀਆਂ ਭਰ ਕੇ ਇਲਾਹੀ ਕੀਰਤਨ ਦੇ ਲਾਹੇ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

| | ਲੰਗਰ-ਅਸਥਾਨ ਵਿਖੇ |
|---|---|
| ੭ ਫ਼ਰਵਰੀ ਸਵੇਰੇ ੫ ਵਜੇ ਅਰੰਭ ਸ੍ਰੀ ਅਖੰਡਪਾਠ | |
| ੯ ਫ਼ਰਵਰੀ ਸਵੇਰੇ ੫ ਵਜੇ ਭੋਗ ਸ੍ਰੀ ਅਖੰਡਪਾਠ, ਉਪਰੰਤ ਅਖੰਡ ਕੀਰਤਨ ੧੨ ਵਜੇ ਤਕ | ਗੁ: ਦੂਖ ਨਿਵਾਰਨ ਸਾਹਿਬ ਵਿਖੇ |
| ਸ਼ਾਮ ੫-੩੦ ਤੋਂ ੮ ਵਜੇ ਤਕ ਚੌਕੀ ਸੋਦਰ, ਆਰਤੀ ਤੇ ਕੀਰਤਨ | ,, ,, |
| ੧੦ ਫ਼ਰਵਰੀ ਸਵੇਰੇ ੫ ਤੋਂ ੧੨ ਵਜੇ ਤਕ ਆਸਾ ਦੀ ਵਾਰ ਅਤੇ ਬਿਲਾਵਲ ਦੀ ਚੌਕੀ | ,, ,, |
| ਦੁਪਹਿਰ ੨ ਵਜੇ ਅੰਮ੍ਰਿਤ-ਸਿੰਚਾਰ ਸਮਾਗਮ ਅਰੰਭ | ,, ,, |
| ਰਾਤ ੭ ਵਜੇ ਰੈਣ ਸਬਾਈ ਕੀਰਤਨ ਅਰੰਭ, ਐਤਵਾਰ ਅੰਮ੍ਰਿਤ ਵੇਲੇ ਸਮਾਪਤੀ | ,, ,, |

ਨੋਟ—੧. ਲੰਗਰ, ਰਿਹਾਇਸ਼ ਤੇ ਸਾਰਾ ਪ੍ਰੋਗਰਾਮ ਗੁਰਦਵਾਰਾ ਦੂਖ ਨਿਵਾਰਨ ਸਾਹਿਬ ਵਿਖੇ ਹੋਵੇਗਾ।

੨. ਲੋੜ ਅਨੁਸਾਰ ਬਿਸਤਰੇ ਜ਼ਰੂਰ ਲਿਆਉਣ ਦੀ ਕਿਰਪਾ ਕਰਨੀ ਜੀ!

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਪਟਿਆਲਾ

---

# ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

| | | | |
|---|---|---|---|
| ਜੇਲ੍ਹ ਚਿਠੀਆਂ (ਨਵੇਂ ਰੂਪ ਵਿਚ) | ੧੨-੫੦ | ਰੰਗਲੇ ਸਜਣ | ੪-੦੦ |
| ਨਾਮ ਤੇ ਨਾਮ ਦਾ ਦਾਤਾ ਸਤਿਗੁਰੂ (,,) | ੫-੫੦ | ਅਣਡਿਠੀ ਦੁਨੀਆ | ੬-੨੫ |
| ਗੁਰਮਤਿ ਵਿਚਾਰ (,,) | ੫-੫੦ | ਗੁਰਮਤਿ ਬਿਬੇਕ | ੭-੫੦ |
| ਗੁਰਮਤਿ ਲੇਖ (,,) | ੫-੫੦ | ਗੁਰਮਤਿ ਮੱਚ ਨਿਰਣੇ | ੬-੦੦ |
| ਗੁਰਮਤਿ ਪ੍ਰਕਾਸ਼ (,,) | ੩-੭੫ | ਝਟਕਾ ਮਾਸ ਪ੍ਰਥਾਇ ਨਿਰਣੈ | ੩-੦੦ |
| ਸਬਦੁ ਗੁਰ ਪੀਰਾ | ੦-੪੦ | ਗੁਰਮਤਿ ਅਨਹਦ ਸ਼ਬਦ | ੦-੨੫ |
| ਗੁਰੁ ਮੇਰੈ ਸੰਗਿ ਸਦਾ ਹੈ ਨਾਲੇ | ੦-੨੫ | ਉਮਰ ਕੈਦੀ ਦਾ ਸੁਪਨਾ | ੦-੪੦ |
| ਪ੍ਰਗਟੀ ਜੋਤਿ ਮਿਲੇ ਰਾਮ ਪਿਆਰੇ | ੦-੪੦ | ਅੰਮ੍ਰਿਤ ਕੀ ਹੈ | ੨-੦੦ |
| ਗੁਰਬਾਣੀ ਦੀ ਪਾਰਸ-ਕਲਾ | ੦-੪੦ | ਅੰਮ੍ਰਿਤ ਕਲਾ | ੦-੫੦ |
| ਚਰਨ ਕਮਲ ਕੀ ਮਉਜ | ੦-੭੫ | ਸਿੰਘਾਂ ਦਾ ਪੰਥ ਨਿਰਾਲਾ | ੦-੫੦ |
| ਕੀ ਕੇਸ ਰਖਣੇ ਜ਼ਰੂਰੀ ਹਨ? | ੦-੨੫ | ਸੱਚੀਆਂ ਦਾੜ੍ਹੀਆ | ੦-੩੦ |
| ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ | ੦-੩੫ | ਸਿਖ ਕੌਣ ਹੈ? | ੦-੩੦ |
| ਵਾਹਿਗੁਰੂ ਸਿਮਰਨ | ੦-੩੦ | ਬਾਬਾ ਵੈਦ ਰੋਗੀਆਂ ਦਾ | ੦-੩੦ |
| ਤਿਮਰ ਅਗਿਆਨ ਤੋਂ ਚਾਨਣਾ | ੦-੨੫ | ਸਚਖੰਡ ਦਰਸ਼ਨ | ੧-੫੦ |
| ਜੀਵਨ ਚਰਿਤਰ ਭਾ: ਸਾਹਿਬ ਰਣਧੀਰ ਸਿੰਘ ਜੀ | ੧-੦੦ | ਗੁਰਮਤਿ ਰਮਜ਼ਾਂ | ੧-੩੦ |

---

ਮੈਨੇਜਰ, 'ਸੂਰਾ' ਮਾਸਕ ਪੱਤਰ, ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ

www.AKJ.Org